ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 22* Issue 155 | Monday, August 14, 2023 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਗ੍ਰੀਨਬੈਲਟ ਡਿਵੈਲਪਮੈਂਟ ਖਿਲਾਫ ਮੁਜ਼ਾਹਰਾਕਾਰੀਆਂ ਨੇ ਕੀਤੀ ਰੈਲੀ




ਪਿੱਕਰਿੰਗ, 13 ਅਗਸਤ (ਪੋਸਟ ਬਿਊਰੋ) : ਪਿੱਕਰਿੰਗ ਵਿੱਚ ਇੱਕਠੇ ਹੋ ਕੇ ਲੋਕਾਂ ਵੱਲੋਂ ਫੋਰਡ ਸਰਕਾਰ ਨੂੰ ਫਾਰਮਲੈਂਡ ਤੇ ਗ੍ਰੀਨਬੈਲਟ ਦੇ ਹੋਰਨਾਂ ਇਲਾਕਿਆਂ ਉੱਤੇ ਡਿਵੈਲਪਮੈਂਟ ਨਾ ਕਰਨ ਦੀ ਅਪੀਲ ਕੀਤੀ ਗਈ।

ਮੁਜ਼ਾਹਰਾਕਾਰੀ ਕਿੰਗਸਟਨ ਰੋਡ ਉੱਤੇ ਸਥਿਤ ਪ੍ਰੋਵਿੰਸ਼ੀਅਲ ਵਿੱਤ ਮੰਤਰੀ ਪੀਟਰ ਬੈਥਲਨਫੈਲਵੀ ਦੇ ਆਫਿਸ ਦੇ ਬਾਹਰ ਇੱਕਠੇ ਹੋਏ ਤੇ ਉਨ੍ਹਾਂ ਆਖਿਆ ਕਿ ਗ੍ਰੀਨਬੈਲਟ ਦੇ ਇਲਾਕੇ ਵਿੱਚ ਰਿਹਾਇਸ਼ੀ ਏਰੀਆ ਬਣਾਉਣ ਨਾਲ ਕਮਿਊਨਿਟੀਜ਼ ਦੀਵਾਲੀਆ ਹੋ ਜਾਣਗੀਆਂ। ਇਹ ਵੀ ਆਖਿਆ ਗਿਆ ਕਿ ਇਕਹਿਰੇ ਪਰਿਵਾਰਾਂ ਲਈ ਘਰ ਬਣਾਉਣ ਨਾਲ ਸਪੇਸ ਦੀ ਸਹੀ ਵਰਤੋਂ ਨਹੀਂ ਹੋ ਸਕੇਗੀ। ਇਹ ਰੈਲੀ ਆਡੀਟਰ ਜਨਰਲ ਬੌਨੀ ਲਿਜ਼ਿਕ ਵੱਲੋਂ ਪੇਸ਼ ਕੀਤੀ ਗਈ ਆਪਣੀ ਰਿਪੋਰਟ ਤੋਂ ਕੁੱਝ ਦਿਨਾਂ ਬਾਅਦ ਕੀਤੀ ਗਈ। ਇਸ ਰਿਪੋਰਟ ਵਿੱਚ ਆਡੀਟਰ ਜਨਰਲ ਨੇ ਕੁੱਝ ਖਾਮੀਆਂ ਦੱਸੀਆਂ ਸੀ ਤੇ ਇਸ ਦੇ ਨਾਲ ਹੀ ਕੁੱਝ ਸਿਫਾਰਿਸ਼ਾਂ ਵੀ ਕੀਤੀਆਂ ਸਨ।

ਇਸ ਉੱਤੇ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਸੀ ਕਿ ਜ਼ਮੀਨ ਦੀ ਚੋਣ ਕਰਨ ਦੀ ਪ੍ਰਕਿਰਿਆ ਵਿੱਚ ਕੁੱਝ ਖਾਮੀਆਂ ਹੋ ਸਕਦੀਆਂ ਹਨ ਪਰ ਕਿਸੇ ਨੂੰ ਵੀ ਖਾਸ ਲਾਹਾ ਨਹੀਂ ਪਹੁੰਚਾਇਆ ਗਿਆ। ਉਨ੍ਹਾਂ ਇਹ ਵੀ ਆਖਿਆ ਸੀ ਕਿ ਪਾਈਆਂ ਗਈਆਂ ਖਾਮੀਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਤੇ ਇਸ ਕੰਮ ਨੂੰ ਬਿਹਤਰ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇਗਾ।

## ਵਰਲਡ ਇਕਨੌਮਿਕ ਫੋਰਮ ਨੂੰ ਨਕਾਰਾਤਮਕ ਰੌਸ਼ਨੀ ਵਿੱਚ ਵੇਖ ਰਹੇ ਹਨ ਪੌਲੀਏਵਰ



ਓਟਵਾ, 13 ਅਗਸਤ (ਪੋਸਟ ਬਿਊਰੋ) : ਇਨ੍ਹਾਂ ਗਰਮੀਆਂ ਵਿੱਚ ਫੰਡਰੇਜ਼ਿੰਗ ਈਵੈਂਟਸ ਦੌਰਾਨ ਕੰਜ਼ਰਵੇਟਿਵ ਆਗੂ ਪਿਏਰ ਪੌਲੀਏਵਰ ਇਹ ਦਾਅਵਾ ਕਰ ਰਹੇ ਹਨ ਕਿ ਵਰਲਡ ਇਕਨੌਮਿਕ ਫੋਰਮ ਖੁਦਮੁਖ਼ਤਿਆਰ ਸਰਕਾਰਾਂ ਉੱਤੇ ਆਪਣਾ ਏਜੰਡਾ ਮੜ੍ਹਨਾ ਚਾਹੁੰਦੀ ਹੈ।

ਕੈਨੇਡਾ ਭਰ ਵਿੱਚ ਕੰਜ਼ਰਵੇਟਿਵ ਸਮਰਥਕਾਂ ਨੂੰ ਦਿੱਤੇ ਜਾ ਰਹੇ ਭਾਸ਼ਣਾਂ ਵਿੱਚ ਪੌਲੀਏਵਰ ਵੱਲੋਂ ਇਹ ਵਾਅਦਾ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਦਾ ਕੋਈ ਵੀ ਮੰਤਰੀ ਇਸ ਫੋਰਮ ਦੀ ਇੰਟਰਨੈਸ਼ਨਲ ਕਾਨਫਰੰਸ ਵਿੱਚ ਹਿੱਸਾ ਨਹੀਂ ਲਵੇਗਾ। ਖਾਸਤੌਰ ਉੱਤੇ ਡਾਵੋਸ, ਸਵਿਟਜ਼ਰਲੈਂਡ ਵਿੱਚ ਹੋਣ ਵਾਲੀ ਸਾਲਾਨਾ ਮੀਟਿੰਗ ਵਿੱਚ ਉਨ੍ਹਾਂ ਦੀ ਪਾਰਟੀ ਵੱਲੋਂ ਕੋਈ ਸ਼ਾਮਲ ਨਹੀਂ ਹੋਵੇਗਾ। ਪਿੱਛੇ ਜਿਹੇ ਕੰਜ਼ਰਵੇਟਿਵ ਪਾਰਟੀ ਨੇ ਲੋਕਾਂ ਨੂੰ ਸਰਵੇਖਣ ਕਰਕੇ ਪ੍ਰਧਾਨ ਮੰਤਰੀ ਨੂੰ ਇਹ ਦੱਸਣ ਲਈ ਮੇਲਰਜ਼ ਵੀ ਭੇਜੇ ਹਨ ਕਿ ਹੁਣ ਟਰੂਡੋ ਦੀਆਂ ਅੱਖਾਂ ਖੋਲ੍ਹਣ ਦਾ ਸਮਾਂ ਆ ਗਿਆ ਹੈ ਤੇ ਸਾਰਿਆਂ ਵੱਲੋਂ ਉਨ੍ਹਾਂ ਨੂੰ ਦੱਸਿਆ ਜਾਵੇ ਕਿ ਉਹ ਵਰਕਿੰਗ ਕੈਨੇਡੀਅਨਜ਼ ਵੱਲ ਹਨ ਜਾਂ ਵਰਲਡ ਇਕਨੌਮਿਕ ਫੋਰਮ ਵੱਲ ਹਨ।

ਇਸ ਮਾਮਲੇ ਉੱਤੇ ਪੌਲੀਏਵਰ ਨੇ ਇੰਟਰਵਿਊ ਦੇਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦੇ ਬੁਲਾਰੇ ਨੇ ਪੌਲੀਏਵਰ ਦੀ ਕਲਿੱਪ ਮੀਡੀਆ ਨੂੰ ਦਿਖਾਈ ਜਿਸ ਵਿੱਚ ਉਹ ਜੁਲਾਈ ਮਹੀਨੇ ਪੈਨਟਿਕਟਨ, ਬੀਸੀ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰ ਰਹੇ ਹਨ ਤੇ ਇਹ ਆਖ ਰਹੇ ਹਨ ਕਿ ਉਹ ਇਸ ਗੱਲ ਨੂੰ ਲੈ ਕੇ ਕਾਫੀ ਚਿੰਤਤ ਹਨ ਕਿ ਸਰਕਾਰ ਲੋਕਾਂ ਦੀ ਪ੍ਰਾਈਵੇਸੀ ਤੇ ਉਨ੍ਹਾਂ ਦੇ ਵਿੱਤੀ ਫੈਸਲਿਆਂ ਵਿੱਚ ਦਖਲ ਦੇ ਰਹੀ ਹੈ। ਉਨ੍ਹਾਂ ਇਹ ਵੀ ਆਖਿਆ ਕਿ ਉਨ੍ਹਾਂ ਵੱਲੋਂ ਆਪਣੇ ਸਾਰੇ ਮੰਤਰੀਆਂ ਤੇ ਉਘੇ ਸਰਕਾਰੀ ਅਧਿਕਾਰੀਆਂ ਨੂੰ ਵਰਲਡ ਇਕਨੌਮਿਕ ਫੋਰਮ ਦੇ ਕਿਸੇ ਵੀ ਮਾਮਲੇ ਵਿੱਚ ਸ਼ਾਮਲ ਹੋਣ ਤੋਂ ਰੋਕਿਆ ਜਾਵੇਗਾ।

ਜ਼ਿਕਰਯੋਗ ਹੈ ਕਿ ਲੰਮੇਂ ਸਮੇਂ ਤੋਂ ਕੈਨੇਡਾ ਵਰਲਡ ਇਕਨੌਮਿਕ ਫੋਰਮ ਦੇ ਈਵੈਂਟਸ ਵਿੱਚ ਹਿੱਸਾ ਲੈਂਦਾ ਆਇਆ ਹੈ। ਸਾਬਕਾ ਕੰਜ਼ਰਵੇਟਿਵ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਤੇ ਉਨ੍ਹਾਂ ਦੇ ਮੰਤਰੀ ਮੰਡਲ ਦੇ ਮੰਤਰੀਆਂ ਵੱਲੋਂ ਨਿਯਮਿਤ ਤੌਰ ਉੱਤੇ ਫੋਰਮ ਦੀ ਸਿਖਰ ਵਾਰਤਾ ਵਿੱਚ ਹਿੱਸਾ ਲਿਆ ਜਾਂਦਾ ਸੀ। 2016 ਤੇ 2018 ਵਿੱਚ ਟਰੂਡੋ ਵੱਲੋਂ ਨਿਜੀ ਤੌਰ ਉੱਤੇ ਫੋਰਮ ਦੀਆਂ ਸਿਖਰ ਵਾਰਤਾਵਾਂ ਵਿੱਚ ਹਿੱਸਾ ਲਿਆ ਗਿਆ ਤੇ ਉਨ੍ਹਾਂ ਦੇ ਮੰਤਰੀ ਵੀ ਅਜਿਹੇ ਈਵੈਂਟਸ ਵਿੱਚ ਹਿੱਸਾ ਲੈਂਦੇ ਰਹੇ ਹਨ। ਇਸ ਸਾਲ ਜਨਵਰੀ ਵਿੱਚ ਹੋਈ ਫੋਰਮ ਦੀ ਸਾਲਾਨਾ ਸਿਖਰ ਵਾਰਤਾ ਵਿੱਚ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਆਪ ਹਿੱਸਾ ਲਿਆ ਗਿਆ।

## ਵਾਅਨ ਦੇ ਘਰ ਵਿੱਚ ਅੱਗ ਲੱਗਣ ਕਾਰਨ ਦੋ ਵਿਅਕਤੀਆਂ ਦੀ ਹੋਈ ਮੌਤ




ਵਾਅਨ, 13 ਅਗਸਤ (ਪੋਸਟ ਬਿਊਰੋ) : ਸ਼ਨਿੱਚਰਵਾਰ ਦੁਪਹਿਰ ਨੂੰ ਵਾਅਨ ਵਿੱਚ ਇੱਕ ਘਰ ਨੂੰ ਲੱਗੀ ਅੱਗ ਵਿੱਚ ਸੜ ਜਾਣ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ।

ਯੌਰਕ ਰੀਜਨਲ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਦੁਪਹਿਰੇ 2:30 ਵਜੇ ਦੇ ਨੇੜੇ ਤੇੜੇ ਜੇਨ ਸਟਰੀਟ ਤੇ ਮੇਜਰ ਮੈਕੈਂਜ਼ੀ ਡਰਾਈਵ ਨੇੜੇ ਸਥਿਤ ਇੱਕ ਘਰ ਵਿੱਚ ਲੱਗੀ ਅੱਗ ਤੋਂ ਬਾਅਦ ਫਾਇਰ ਕ੍ਰਿਊ ਮੌਕੇ ਉੱਤੇ ਪਹੁੰਚਿਆ। ਮੌਕੇ ਉੱਤੇ ਵਾਅਨ ਡਿਪਟੀ ਫਾਇਰ ਚੀਫ ਗ੍ਰਾਂਟ ਮੋਫਤ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਨੂੰ ਇਹ ਖਬਰਾਂ ਮਿਲੀਆਂ ਸਨ ਕਿ ਦੋ ਵਿਅਕਤੀ ਅੱਗ ਲੱਗਣ ਕਾਰਨ ਬਿਲਡਿੰਗ ਵਿੱਚ ਹੀ ਫਸ ਗਏ ਹਨ। ਉਨ੍ਹਾਂ ਦੱਸਿਆ ਕਿ ਆਖਿਰਕਾਰ ਕ੍ਰਿਊ ਵੱਲੋਂ ਦੋਵਾਂ ਵਿਅਕਤੀਆਂ ਨੂੰ ਬਲਦੇ ਹੋਏ ਘਰ ਵਿੱਚੋਂ ਬਾਹਰ ਤਾਂ ਕੱਢ ਲਿਆ ਗਿਆ ਪਰ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਮੋਫਤ ਨੇ ਆਖਿਆ ਕਿ ਤੇਜ਼ ਚੱਲ ਰਹੀਆਂ ਹਵਾਵਾਂ ਕਾਰਨ ਵੀ ਅੱਗ ਤੇਜ਼ੀ ਨਾਲ ਘਰ ਵਿੱਚ ਫੈਲੀ। ਮਾਮਲੇ ਦੀ ਜਾਂਚ ਲਈ ਫਾਇਰ ਮਾਰਸ਼ਲ ਦੇ ਆਫਿਸ ਤੇ ਚੀਫ ਕੌਰੋਨਰ ਦੇ ਆਫਿਸ ਵਿੱਚ ਜਾਣਕਾਰੀ ਦੇ ਦਿੱਤੀ ਗਈ। ਪੁਲਿਸ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਪਰ ਐਨੀ ਜਲਦੀ ਕੁੱਝ ਨਹੀਂ ਆਖਿਆ ਜਾ ਸਕਦਾ ਕਿਉਂਕਿ ਜਾਂਚ ਅਜੇ ਆਪਣੇ ਮੁੱਢਲੇ ਪੜਾਅ ਵਿੱਚ ਹੀ ਹੈ।

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Law Office of Aman Sharma
Real Estate
Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6
Brampton, ON, L6P 3W4
Open Saturday
Providing excellent quality legal services to our clients

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL
(Government Approved Licensed Technician)
416 938 4598

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

OURR HOME & APPLIANCES
UNBEATABLE DEALS FOR THE WEEK
AT OURR HOME APPLIANCES!
REGULAR PACKAGE $3599
SWITCH TO ELECTRIC STOVE IN $0
JENNAIR CAFÉ KitchenAid Electrolux LG FRIGIDAIRE elica BOSCH Whirlpool GE MAYTAG AMANA SAMSUNG VentAHood Hisense Danby
Unit #1, 241 Clarence Street, Brampton, ON, L6W 3E7, (416) 551-3343
44 Fasken Dr, Unit#2-9, Etobicoke, ON, M9W 5M8, (416) 792-0877
5781 Highway 7 Unit 10, Vaughan, ON, L4L 1T8, (416) 477-5556
1050 Speers Road, Oakville, ON, L6L 2X4, (416) 613-0555
Unit #6 - 410 Lewis Road, Stoney Creek, ON, L8E 5Y7, (905) 643-0818
Unit #4 -1540 Fanshawe Park Road West, London, ON, N6H 5L8, (519) 641-1010
416-551-5553 | www.ourrhomeappliances.com

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Allstate
You're in good hands.
Insurance
Trademark used under licence by Allstate Insurance Company. 232374 | 6-23
Shawn Budwal
Allstate Sales Agent
Waterdown Agency
94 Dundas Street East, Unit 3
289-678-4024
sbudwal@allstate.ca

SUPER VISA INSURANCE EXPERTS
Punjab Insurance Inc
RANJIT GILL
Insurance Advisor
Ph: 416.724.5000
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
7003 Steeles Ave. W, Unit 10, Etobicoke, ON, M9W 0A2
gill@punjabinsurance.ca
topinsuranceservices.ca

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axel InsuranceBrokers Ltd.
1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਸ਼ੂਟਿੰਗ ਵਿੱਚ 20 ਸਾਲਾ ਵਿਅਕਤੀ ਹੋਇਆ ਜ਼ਖ਼ਮੀ

ਇਟੋਬੀਕੋ, 13 ਅਗਸਤ (ਪੋਸਟ ਬਿਊਰੋ) : ਇਟੋਬੀਕੋ ਵਿੱਚ ਦਿਨ ਦਿਹਾੜੇ ਵਾਪਰੀ ਸ਼ੂਟਿੰਗ ਦੀ ਘਟਨਾ ਵਿੱਚ ਇੱਕ 20 ਸਾਲਾ ਵਿਅਕਤੀ ਜ਼ਖ਼ਮੀ ਹੋ ਗਿਆ। ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।




ਗੋਲੀਆਂ ਚੱਲਣ ਦੀਆਂ ਖਬਰਾਂ ਮਿਲਣ ਤੋਂ ਬਾਅਦ ਪੁਲਿਸ ਦੁਪਹਿਰੇ 2:00 ਵਜੇ ਬਰਨਹੈਮਥੌਰਪ ਰੋਡ ਤੇ ਦ ਵੈਸਟ ਮਾਲ ਇਲਾਕੇ ਵਿੱਚ ਪਹੁੰਚੀ। ਪੁਲਿਸ ਨੂੰ ਮੌਕੇ ਉੱਤੇ ਇੱਕ ਵਿਅਕਤੀ ਬਾਂਹ ਵਿੱਚ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ। 911 ਨੂੰ ਕਾਲ ਕਰਨ ਲਈ ਜ਼ਖ਼ਮੀ ਵਿਅਕਤੀ ਖੁਦ ਗੱਡੀ ਚਲਾ ਕੇ 666 ਬਰਨਹੈਮਥੌਰਪ ਰੋਡ ਉੱਤੇ ਸਥਿਤ ਪਲਾਜ਼ਾ ਦੇ ਪਾਰਕਿੰਗ ਲੌਟ ਵਿੱਚ ਪਹੁੰਚਿਆ।

ਜ਼ਖ਼ਮੀ ਵਿਅਕਤੀ ਦੀ ਕਾਰ ਉੱਤੇ ਗੋਲੀਆਂ ਲੱਗਣ ਕਾਰਨ ਤਿੰਨ ਮੋਰੀਆਂ ਵੀ ਹੋਈਆਂ ਪਈਆਂ ਸਨ, ਜਿਨ੍ਹਾਂ ਵਿੱਚੋਂ ਦੋ ਵਿੰਡਸ਼ੀਲਡ ਉੱਤੇ ਤੇ ਇੱਕ ਇੰਜਣ ਦੇ ਬੋਨ੍ਹਟ ਉੱਤੇ ਸੀ। ਅਜੇ ਤੱਕ ਕਿਸੇ ਮਸ਼ਕੂਕ ਸਬੰਧੀ ਕੋਈ ਰਿਪੋਰਟ ਜਾਰੀ ਨਹੀਂ ਕੀਤੀ ਗਈ ਹੈ ਤੇ ਅਜੇ ਇਹ ਵੀ ਪਤਾ ਨਹੀਂ ਲੱਗ ਸਕਿਆ ਹੈ ਕਿ ਗੋਲੀਆਂ ਚਲਾਏ ਜਾਣ ਪਿੱਛੇ ਕਾਰਨ ਕੀ ਸੀ।

# ਗਲਵਾਨ ਘਾਟੀ 'ਚ ਝੜਪ ਤੋਂ ਬਾਅਦ ਪੂਰਬੀ ਲੱਦਾਖ 'ਚ ਹਵਾਈ ਸੈਨਾ ਦੇ 68 ਹਜ਼ਾਰ ਤੋਂ ਵੱਧ ਸੈਨਿਕ ਤਾਇਨਾਤ

ਲੱਦਾਖ, 13 ਅਗਸਤ (ਪੋਸਟ ਬਿਊਰੋ): ਭਾਰਤੀ ਹਵਾਈ ਸੈਨਾ ਨੇ ਗਲਵਾਨ ਘਾਟੀ ਵਿੱਚ ਜੂਨ 2020 ਵਿੱਚ ਚੀਨੀ ਸੈਨਿਕਾਂ ਨਾਲ ਹਿੰਸਕ ਝੜਪਾਂ ਤੋਂ ਬਾਅਦ ਅਸਲ ਨਿਯੰਤਰਣ ਰੇਖਾ (ਐਲਏਸੀ) ਦੇ ਨਾਲ ਤੇਜ਼ੀ ਨਾਲ ਤਾਇਨਾਤੀ ਲਈ ਦੇਸ਼ ਭਰ ਤੋਂ 68,000 ਤੋਂ ਵੱਧ ਸੈਨਿਕਾਂ ਅਤੇ ਲਗਭਗ 90 ਟੈਂਕਾਂ ਅਤੇ ਹੋਰ ਹਥਿਆਰ ਪ੍ਰਣਾਲੀਆਂ ਨੂੰ ਪੂਰਬੀ ਲੱਦਾਖ ਵਿੱਚ ਭੇਜਿਆ ਹੈ। ਇਸ ਨਾਲ ਦੁਸ਼ਮਣ ਚੀਨ ਨੂੰ ਝਟਕਾ ਲੱਗਾ ਹੈ। ਰੱਖਿਆ ਅਤੇ ਸੁਰੱਖਿਆ ਅਦਾਰੇ ਦੇ ਸੂਤਰਾਂ ਨੇ ਦੱਸਿਆ ਕਿ ਪਿਛਲੇ ਕੁਝ ਦਹਾਕਿਆਂ ਵਿੱਚ ਦੋਵਾਂ ਧਿਰਾਂ ਵਿਚਕਾਰ 15 ਜੂਨ, 2020 ਨੂੰ ਹੋਈਆਂ ਸਭ ਤੋਂ ਗੰਭੀਰ ਫੌਜੀ ਝੜਪਾਂ ਦੇ ਪਿਛੋਕੜ ਵਿੱਚ ਭਾਰਤੀ ਹਵਾਈ ਸੈਨਾ ਨੇ ਲੜਾਕੂ ਜਹਾਜ਼ਾਂ ਦੇ



ਕਈ ਸਕੁਐਡਰਨ ਤਿਆਰ ਰੱਖਣ ਤੋਂ ਇਲਾਵਾ ਆਪਣੇ ਐਸਯੂ-30 ਐਮਕੇਆਈ ਅਤੇ ਜੈਗੁਆਰ ਲੜਾਕੂ ਜਹਾਜ਼ਾਂ ਨੂੰ ਖੇਤਰ ਵਿੱਚ ਚੌਵੀ ਘੰਟੇ ਨਿਗਰਾਨੀ ਅਤੇ ਖੁਫੀਆ ਜਾਣਕਾਰੀ ਇਕੱਠੀ ਕਰਨ ਲਈ ਤਾਇਨਾਤ ਕੀਤਾ ਹੈ।

ਇਸ ਗੱਲ ਦਾ ਹਵਾਲਾ ਦਿੰਦੇ ਹੋਏ ਕਿ ਕਿਵੇਂ ਆਈਏਐਫ ਦੀ ਰਣਨੀਤਕ 'ਏਅਰਲਿਫਟ' ਸਮਰੱਥਾ ਪਿਛਲੇ ਸਾਲਾਂ ਵਿੱਚ ਵਧੀ ਹੈ, ਸੂਤਰਾਂ ਨੇ ਕਿਹਾ ਕਿ ਇੱਕ ਵਿਸ਼ੇਸ਼ ਆਪ੍ਰੇਸ਼ਨ ਦੇ ਤਹਿਤ, ਸੈਨਿਕਾਂ ਅਤੇ ਹਥਿਆਰਾਂ ਨੂੰ ਆਈਏਐਫ ਦੇ ਟਰਾਂਸਪੋਰਟ ਫਲੀਟ ਦੁਆਰਾ ਐਲਏਸੀ ਦੇ ਨਾਲ ਵੱਖ ਵੱਖ ਮੁਸ਼ਕਲ ਖੇਤਰਾਂ ਵਿੱਚ ਤੇਜ਼ੀ ਨਾਲ ਤਾਇਨਾਤੀ ਲਈ ਭੇਜਿਆ ਗਿਆ ਸੀ। ਉਨ੍ਹਾਂ ਕਿਹਾ ਕਿ ਵਧਦੇ ਤਣਾਅ ਕਾਰਨ ਹਵਾਈ ਸੈਨਾ ਨੇ ਚੀਨ ਦੀਆਂ ਗਤੀਵਿਧੀਆਂ 'ਤੇ ਤਿੱਖੀ ਨਜ਼ਰ ਰੱਖਣ ਲਈ ਖੇਤਰ 'ਚ ਵੱਡੀ ਗਿਣਤੀ 'ਚ ਰਿਮੋਟਲੀ ਆਪਰੇਟਿਡ ਏਅਰਕ੍ਰਾਫਟ (ਆਰਪੀਏ) ਤਾਇਨਾਤ ਕੀਤੇ ਹਨ।

ਆਈਏਐਫ ਦੇ ਜਹਾਜ਼ਾਂ ਨੇ ਭਾਰਤੀ ਸੈਨਾ ਦੇ ਕਈ ਡਿਵੀਜ਼ਨਾਂ ਨੂੰ 'ਏਅਰਲਿਫਟ' ਕੀਤਾ, ਜਿਸ ਵਿੱਚ ਕੁੱਲ 68,000 ਤੋਂ ਵੱਧ ਸੈਨਿਕ, 90 ਤੋਂ ਵੱਧ ਟੈਂਕ, ਲਗਭਗ 330 ਬੀਐਮਪੀ ਪੈਦਲ ਫੌਜੀ ਲੜਾਕੂ ਵਾਹਨ, ਰਾਡਾਰ ਪ੍ਰਣਾਲੀਆਂ, ਤੋਪਖਾਨੇ ਅਤੇ ਹੋਰ ਬਹੁਤ ਸਾਰੇ ਉਪਕਰਣ ਸਨ। ਉਨ੍ਹਾਂ ਕਿਹਾ ਕਿ ਭਾਰਤੀ ਹਵਾਈ ਸੈਨਾ ਦੇ ਟਰਾਂਸਪੋਰਟ ਫਲੀਟ ਦੁਆਰਾ ਕੁੱਲ 9,000 ਟਨ ਦੀ ਲਿਫਟਿੰਗ ਕੀਤੀ ਗਈ ਸੀ, ਅਤੇ ਇਹ ਆਈਏਐਫ ਦੀਆਂ ਵਧਦੀਆਂ ਰਣਨੀਤਕ 'ਏਅਰਲਿਫਟ' ਸਮਰੱਥਾਵਾਂ ਨੂੰ ਦਰਸਾਉਂਦਾ ਹੈ।

## ਅੱਜ ਨਾਮਾ

ਗਿਆ ਸਰਪੰਚ ਦੇ ਘਰੇ ਸੀ ਨਗਰ ਵਾਸੀ,
ਦੱਸਿਆ ਕਾਰਨ ਫਿਰ ਸਭ ਨਿਚੋੜ ਭਾਈ।
ਗਵਾਂਢੀ ਨਾਲ ਆ ਪਾਣੀ ਦਾ ਪਿਆ ਰੱਫੜ,
ਤੁਹਾਡੇ ਬਾਝ ਨਹੀਂ ਰੱਫੜ ਦਾ ਤੋੜ ਭਾਈ।
ਮਦਦ ਕਰਨ ਨੂੰ ਚੱਲ ਪਉ ਤੁਸੀਂ ਜੇ ਕਰ,
ਜੁੜਦਾ ਜਾਊ ਬੱਸ ਮੂਹਰਿਉਂ ਜੋੜ ਭਾਈ।
ਅੱਗੋਂ ਸਰਪੰਚ ਦੀ ਓਧਰ ਵੀ ਸਾਂਝ ਡਾਢੀ,
ਉਹ ਵੀ ਆਏ ਤਾਂ ਹੋਣੇ ਨਹੀਂ ਮੋੜ ਭਾਈ।
ਜਿਸ ਤਰ੍ਹਾਂ ਇਨ੍ਹਾਂ ਦੀ ਚਾਹੀਦੀ ਵੋਟ ਭਾਈ,
ਤਕੜੇ ਪਰਵਾਰ ਦੇ ਓਧਰ ਵੀ ਲੋਕ ਭਾਈ।
ਇੱਕ ਦੀ ਮਦਦ ਕੀਤੀ, ਦੂਜਾ ਰੁੱਸ ਜਾਣਾ,
ਦੁਬਿਧਾ ਸਰਪੰਚ ਨੂੰ ਰਹੀ ਆ ਰੋਕ ਭਾਈ।

**ਤੀਸ ਮਾਰ ਖਾਂ**

# ਸ਼ਿਕਾਗੋ 'ਚ ਹੋਵੇਗੀ ਵਿਸ਼ਵ ਧਰਮ ਸੰਸਦ, 80 ਦੇਸ਼ ਲੈਣਗੇ ਹਿੱਸਾ

* ਲੱਭਣਗੇ ਰੂਸ-ਯੂਕਰੇਨ ਜੰਗ ਵਰਗੀਆਂ ਸਮੱਸਿਆਵਾਂ ਦਾ ਹੱਲ

ਸ਼ਿਕਾਗੋ, 13 ਅਗਸਤ (ਪੋਸਟ ਬਿਊਰੋ): ਸ਼ਿਕਾਗੋ ਵਿਚ 14 ਤੋਂ 18 ਅਗਸਤ ਤੱਕ ਵਿਸ਼ਵ ਧਰਮ ਸੰਸਦ ਦਾ ਆਯੋਜਨ ਹੋਣ ਜਾ ਰਿਹਾ ਹੈ। ਇਸ ਦੌਰਾਨ ਦੁਨੀਆ ਦੇ 80 ਦੇਸ਼ਾਂ ਦੇ 10,000 ਧਾਰਮਿਕ ਪ੍ਰਤੀਨਿਧਾਂ ਦੇ ਹਿੱਸਾ ਲੈਣ ਦੀ ਉਮੀਦ ਹੈ। ਧਾਰਮਿਕ ਆਗੂ ਮਿਲ ਕੇ ਰੂਸ-ਯੂਕਰੇਨ ਯੁੱਧ ਵਰਗੀਆਂ ਸੰਸਾਰਕ ਸਮੱਸਿਆਵਾਂ ਦਾ ਹੱਲ ਲੱਭਣਗੇ। ਜੈਨ ਭਾਈਚਾਰੇ ਦੇ ਉੱਘੇ ਧਾਰਮਿਕ ਆਗੂ ਅਚਾਰੀਆ ਲੋਕੇਸ਼




ਮੁਨੀ ਨੇ ਕਿਹਾ ਹੈ ਕਿ ਵਿਸ਼ਵ ਦੇ ਪ੍ਰਮੁੱਖ ਧਰਮਾਂ ਅਤੇ ਆਸਥਾਵਾਂ ਦੇ ਆਗੂ ਯੂਕਰੇਨ ਯੁੱਧ ਵਰਗੀਆਂ ਮਨੁੱਖਤਾ ਨੂੰ ਦਰਪੇਸ਼ ਵੱਡੀਆਂ ਚੁਣੌਤੀਆਂ ਨੂੰ ਹੱਲ ਕਰਨ ਅਤੇ ਸਥਾਈ ਸ਼ਾਂਤੀ ਸਥਾਪਤ ਕਰਨ ਲਈ ਅਹਿਮ ਭੂਮਿਕਾ ਨਿਭਾ ਸਕਦੇ ਹਨ। ਉਹ ਸ਼ਿਕਾਗੋ ਵਿੱਚ ਹੋਣ ਵਾਲੀ 2023 ਵਿਸ਼ਵ ਧਰਮ ਸੰਸਦ ਵਿੱਚ ਹਿੱਸਾ ਲੈਣ ਲਈ ਸ਼ਿਕਾਗੋ ਵੀ ਪਹੁੰਚ ਚੁੱਕੇ ਹਨ।

ਪੰਜ ਦਿਨਾਂ ਤੱਕ ਚੱਲਣ ਵਾਲੇ ਇਸ ਸਮਾਗਮ ਵਿੱਚ 80 ਦੇਸ਼ਾਂ ਦੇ ਕਰੀਬ 10,000 ਡੈਲੀਗੇਟ ਹਿੱਸਾ ਲੈਣਗੇ। ਲੋਕੇਸ਼ ਮੁਨੀ ਦੁਨੀਆ ਦੇ ਉਨ੍ਹਾਂ ਕੁਝ ਧਾਰਮਿਕ ਨੇਤਾਵਾਂ ਵਿੱਚੋਂ ਇੱਕ ਹਨ ਜਿਨ੍ਹਾਂ ਨੂੰ ਪਲੇਨਰੀ ਸੈਸ਼ਨ ਵਿੱਚ ਬੋਲਣ ਲਈ ਸੱਦਾ ਦਿੱਤਾ ਗਿਆ ਹੈ। ਆਚਾਰੀਆ ਮੁਨੀ ਨੇ ਕਿਹਾ, "ਹੁਣ ਸਮਾਂ ਆ ਗਿਆ ਹੈ ਕਿ ਵਿਸ਼ਵ ਨੇਤਾ ਇੱਕ ਸ਼ਾਂਤੀਪੂਰਨ ਅਤੇ ਖੁਸ਼ਹਾਲ ਸਮਾਜ ਲਈ ਇੱਕ ਰੋਡ ਮੈਪ ਤਿਆਰ ਕਰਨ। ਉਨ੍ਹਾਂ ਕਿਹਾ ਕਿ ਵਿਸ਼ਵ ਦੇ ਪ੍ਰਮੁੱਖ ਧਰਮਾਂ ਅਤੇ ਆਸਥਾਵਾਂ ਦੇ ਨੇਤਾ ਮਨੁੱਖਤਾ ਦੇ ਸਾਹਮਣੇ ਪ੍ਰਮੁੱਖ ਚੁਣੌਤੀਆਂ ਦੇ ਹੱਲ ਲਈ ਅਜਿਹੇ ਸਮੇਂ ਵਿਚ ਸਥਾਈ ਸ਼ਾਂਤੀ ਲਿਆਉਣ ਲਈ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ।



















# ਹਵਾਈ ਵਿੱਚ ਜੰਗਲੀ ਅੱਗ ਦੌਰਾਨ ਮੌਤਾਂ ਦੀ ਗਿਣਤੀ 89 ਹੋਈ



ਹਵਾਈ, 13 ਅਗਸਤ (ਪੋਸਟ ਬਿਊਰੋ): ਅਮਰੀਕਾ ਦੇ ਹਵਾਈ 'ਚ ਸਥਿਤ ਮਾਉਈ ਦੇ ਜੰਗਲਾਂ 'ਚ ਲੱਗੀ ਭਿਆਨਕ ਅੱਗ ਨੂੰ ਚਾਰ ਦਿਨ ਤੋਂ ਵੱਧ ਸਮਾਂ ਹੋ ਗਿਆ ਹੈ। ਅੱਗ ਕਿੰਨੀ ਤੇਜ਼ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਹੁਣ ਤੱਕ 89 ਲੋਕ ਨਿਕਾਸੀ ਦੌਰਾਨ ਅੱਗ ਦੀਆਂ ਲਪਟਾਂ ਵਿੱਚ ਫਸ ਕੇ ਆਪਣੀ ਜਾਨ ਗੁਆ ਚੁੱਕੇ ਹਨ। ਫਾਇਰ ਫਾਈਟਰਜ਼ ਲਗਾਤਾਰ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਦੌਰਾਨ ਬਚਾਅ ਟੀਮਾਂ ਲਾਹੈਨਾ ਵਿੱਚ ਬਚੇ ਲੋਕਾਂ ਦੀ ਭਾਲ ਜਾਰੀ ਰੱਖ ਰਹੀਆਂ ਹਨ।

ਫੈਡਰਲ ਐਮਰਜੈਂਸੀ ਮੈਨੇਜਮੈਂਟ ਏਜੰਸੀ (ਫੇਮਾ) ਦੇ ਅਨੁਸਾਰ, ਲਾਹੈਨਾ ਵਿੱਚ ਹੁਣ ਤੱਕ 2,200 ਤੋਂ ਵੱਧ ਢਾਂਚੇ ਨੂੰ ਨੁਕਸਾਨ ਪਹੁੰਚਿਆ ਹੈ। ਇਸ ਦੇ ਨਾਲ ਹੀ 2,100 ਏਕੜ ਭਾਵ 850 ਹੈਕਟੇਅਰ ਤੋਂ ਵੱਧ ਨਾੜ ਸੜ ਗਿਆ ਹੈ। ਕਿਹਾ ਜਾ ਰਿਹਾ ਹੈ ਕਿ ਇਸ ਦੇ ਪੁਨਰ ਨਿਰਮਾਣ 'ਤੇ 5.5 ਬਿਲੀਅਨ ਡਾਲਰ ਤੱਕ ਦਾ ਖਰਚ ਆਵੇਗਾ। ਗਵਰਨਰ ਜੋਸ਼ ਗ੍ਰੀਨ ਨੇ ਚੇਤਾਵਨੀ ਦਿੱਤੀ ਹੈ ਕਿ ਮਰਨ ਵਾਲਿਆਂ ਦੀ ਗਿਣਤੀ ਹੋਰ ਵਧ ਸਕਦੀ ਹੈ। ਉਨ੍ਹਾਂ ਕਿਹਾ ਕਿ ਜਿੱਥੇ ਵੀ ਅਸੀਂ ਲੋਕਾਂ ਨੂੰ ਇਕਜੁੱਟ ਕਰ ਸਕਦੇ ਹਾਂ, ਉੱਥੇ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਸਾਡਾ ਟੀਚਾ ਪੀੜਤਾਂ ਨੂੰ ਰਿਹਾਇਸ਼ ਪ੍ਰਦਾਨ ਕਰਨਾ, ਉਨ੍ਹਾਂ ਨੂੰ ਸਿਹਤ ਸੰਭਾਲ ਪ੍ਰਦਾਨ ਕਰਨਾ ਅਤੇ ਫਿਰ ਸ਼ਹਿਰ ਦਾ ਮੁੜ ਨਿਰਮਾਣ ਕਰਨਾ ਹੈ। ਇਸ ਦੌਰਾਨ, ਰਾਜ ਦੇ ਅਟਾਰਨੀ ਜਨਰਲ ਐਨੀ ਲੋਪੇਜ਼ ਨੇ ਕਿਹਾ ਕਿ ਉਹ ਅੱਗ ਲੱਗਣ ਤੋਂ ਪਹਿਲਾਂ ਅਤੇ ਦੌਰਾਨ ਲਏ ਗਏ ਫੈਸਲਿਆਂ ਦੀ ਸਮੀਖਿਆ ਸ਼ੁਰੂ ਕਰ ਰਹੇ ਹਨ।

# ਈਰਾਨ ਦੇ ਮੁੱਖ ਸ਼ੀਆ ਧਾਰਮਿਕ ਸਥਾਨ ’ਤੇ ਹਮਲਾ, ਗੋਲੀਬਾਰੀ ’ਚ ਇਕ ਦੀ ਮੌਤ

ਤਹਿਰਾਨ, 13 ਅਗਸਤ (ਪੋਸਟ ਬਿਊਰੋ): ਈਰਾਨ ਵਿਚ ਇਕ ਪ੍ਰਮੁੱਖ ਸ਼ੀਆ ਧਾਰਮਿਕ ਸਥਾਨ 'ਤੇ ਇਕ ਬੰਦੂਕਧਾਰੀ ਨੇ ਗੋਲੀਬਾਰੀ ਕੀਤੀ, ਜਿਸ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ ਅੱਠ ਜ਼ਖਮੀ ਹੋ ਗਏ। ਇਹ ਹਮਲਾ ਫਾਰਸ ਸੂਬੇ ਦੀ ਰਾਜਧਾਨੀ ਸ਼ਿਰਾਜ਼ 'ਚ ਸਥਿਤ ਸ਼ਾਹ ਚਿਰਾਗ 'ਚ ਹੋਇਆ। ਹਾਲਾਂਕਿ ਇਸ ਦੇ ਪਿੱਛੇ ਕੀ ਇਰਾਦਾ ਹੈ, ਇਸ ਦੀ ਜਾਣਕਾਰੀ ਅਜੇ ਸਾਹਮਣੇ ਨਹੀਂ ਆਈ ਹੈ।

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਕਿਸੇ ਈਰਾਨੀ ਧਾਰਮਿਕ ਸਥਾਨ 'ਤੇ ਹਮਲਾ ਹੋਇਆ ਹੈ, ਕਿਉਂਕਿ ਈਰਾਨ ਨੂੰ ਇਸਲਾਮਿਕ ਸਟੇਟ (ਆਈਐਸ) ਦੇ ਸੁੰਨੀ ਕੱਟੜਪੰਥੀਆਂ ਦੁਆਰਾ ਹਮਲਿਆਂ ਦਾ ਸਾਹਮਣਾ ਕਰਨਾ ਪਿਆ ਹੈ, ਜੋ ਸ਼ੀਆ ਭਾਈਚਾਰੇ ਨੂੰ ਅਧਰਮੀ ਮੰਨਦੇ ਹਨ। ਇਹੀ ਕਾਰਨ ਹੈ ਕਿ ਈਰਾਨ ਨੂੰ ਅਸ਼ਾਂਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਹੀ ਨਹੀਂ ਦੇਸ਼ ਆਰਥਿਕ ਮੰਦਹਾਲੀ ਦਾ ਸਾਹਮਣਾ ਕਰ ਰਿਹਾ ਹੈ।



ਫਾਰਸ ਸੂਬੇ ਦੇ ਗਵਰਨਰ ਮੁਹੰਮਦ ਹਾਦੀ ਇਮਾਨਿਹ ਨੇ ਸਥਾਨਕ ਈਰਾਨੀ ਮੀਡੀਆ ਨੂੰ ਦੱਸਿਆ ਕਿ ਘਟਨਾ ਨੂੰ ਇਕੱਲੇ ਬੰਦੂਕਧਾਰੀ ਨੇ ਅੰਜਾਮ ਦਿੱਤਾ ਅਤੇ ਬਾਅਦ ਵਿਚ ਸੁਰੱਖਿਆ ਬਲਾਂ ਨੇ ਉਸ ਨੂੰ ਹਿਰਾਸਤ ਵਿਚ ਲੈ ਲਿਆ। ਆਪਣੀ ਸੰਖੇਪ ਟਿੱਪਣੀ ਵਿੱਚ, ਉਨ੍ਹਾਂ ਹਮਲੇ ਦੇ ਪਿੱਛੇ ਦੇ ਉਦੇਸ਼ ਬਾਰੇ ਵਿਸਥਾਰਪੂਰਵਕ ਨਹੀਂ ਦੱਸਿਆ। ਫਿਲਹਾਲ ਕਿਸੇ ਵੀ ਸੰਗਠਨ ਨੇ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ ਹੈ।

# ਆਸਾਮ ’ਚ ਚੋਰ ਸਮਝ ਕੇ ਪਿੰਡ ਵਾਸੀਆਂ ਵੱਲੋਂ ਵਿਅਕਤੀ ਦੀ ਕੁੱਟ-ਕੁੱਟ ਕੇ ਹੱਤਿਆ

ਦਿਸਪੁਰ, 13 ਅਗਸਤ (ਪੋਸਟ ਬਿਊਰੋ): ਆਸਾਮ ਦੇ ਨਗਾਂਵ ਜ਼ਿਲੇ 'ਚ ਐਤਵਾਰ ਨੂੰ ਪਿੰਡ ਵਾਸੀਆਂ ਨੇ ਇਕ ਵਿਅਕਤੀ ਨੂੰ ਕਥਿਤ ਤੌਰ 'ਤੇ ਕੁੱਟ-ਕੁੱਟ ਕੇ ਮਾਰ ਦਿੱਤਾ। ਲੋਕ ਸਮਝਦੇ ਸਨ ਕਿ ਉਹ ਵਿਅਕਤੀ ਚੋਰ ਹੈ। ਸੀਨੀਅਰ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਐਤਵਾਰ ਤੜਕੇ ਹੋਜਾਈ ਲੰਕਾ ਥਾਣਾ ਖੇਤਰ ਦੇ ਅਧੀਨ ਬਾਮੂਨ ਪਿੰਡ ਵਿੱਚ ਵਾਪਰੀ।




ਪੁਲਸ ਨੂੰ ਸੂਚਨਾ ਮਿਲੀ ਕਿ ਪਿੰਡ ਵਾਸੀਆਂ ਨੇ ਚੋਰੀ ਦੇ ਸ਼ੱਕ ਵਿੱਚ ਇੱਕ ਵਿਅਕਤੀ ਦੀ ਕੁੱਟਮਾਰ ਕਰਕੇ ਉਸ ਨੂੰ ਗੰਭੀਰ ਜ਼ਖਮੀ ਕਰ ਦਿੱਤਾ ਹੈ। ਜਦੋਂ ਪੁਲਸ ਮੌਕੇ 'ਤੇ ਪਹੁੰਚੀ ਤਾਂ ਪੀੜਤ ਦੀ ਮੌਤ ਹੋ ਚੁੱਕੀ ਸੀ। ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਨਗਾਂਵ ' ਭੇਜ ਦਿੱਤਾ ਗਿਆ ਹੈ। ਮ੍ਰਿਤਕ ਦੀ ਪਛਾਣ ਹਿਜ਼ਬੁਰ ਰਹਿਮਾਨ ਵਜੋਂ ਹੋਈ ਹੈ। ਉਹ ਹੋਜਾਈ ਸਬ ਡਿਵੀਜ਼ਨ ਇਲਾਕੇ ਦਾ ਰਹਿਣ ਵਾਲਾ ਹੈ। ਹੁਣ ਤੱਕ ਛੇ ਲੋਕਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।

# ਜਾਦਵਪੁਰ ਯੂਨੀਵਰਸਿਟੀ ਦੀ ਵਿਦਿਆਰਥੀ ਦੀ ਮੌਤ ਦੇ ਮਾਮਲੇ ’ਚ ਦੋ ਹੋਰ ਗ੍ਰਿਫਤਾਰ

* ਜਿਣਸੀ ਸ਼ੋਸ਼ਣ ਦੇ ਵੀ ਲੱਗੇ ਹਨ ਦੋਸ਼






ਕਲਕੱਤਾ, 13 ਅਗਸਤ (ਪੋਸਟ ਬਿਊਰੋ): ਜਾਦਵਪੁਰ ਯੂਨੀਵਰਸਿਟੀ ਦੇ ਦੋ ਵਿਦਿਆਰਥੀਆਂ ਨੂੰ ਐਤਵਾਰ ਨੂੰ ਇੱਕ ਅੰਡਰ ਗਰੈਜੂਏਟ ਵਿਦਿਆਰਥੀ ਦੀ ਰੈਗਿੰਗ ਵਿੱਚ ਕਥਿਤ ਸ਼ਮੂਲੀਅਤ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ, ਜਿਸ ਦੀ ਹੋਸਟਲ ਦੀ ਬਾਲਕੋਨੀ ਤੋਂ ਡਿੱਗਣ ਨਾਲ ਮੌਤ ਹੋ ਗਈ ਸੀ। ਪੁਲਸ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ।

ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਪੁਲਿਸ ਨੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀਆਂ ਤਸਵੀਰਾਂ ਸਮੇਤ ਸੋਸ਼ਲ ਮੀਡੀਆ ਪੋਸਟਾਂ ਦਾ ਨੋਟਿਸ ਲਿਆ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਮ੍ਰਿਤਕ ਦੀ ਰੈਗਿੰਗ ਵਿੱਚ ਜਿਣਸੀ ਸ਼ੋਸ਼ਣ ਦਾ ਤੱਤ ਸੀ।

ਅਧਿਕਾਰੀ ਨੇ ਕਿਹਾ ਕਿ ਵਿਦਿਆਰਥੀਆਂ ਦੁਆਰਾ ਉਸ ਨੂੰ ਯਕੀਨੀ ਤੌਰ 'ਤੇ ਪ੍ਰੇਸ਼ਾਨ ਕੀਤਾ ਗਿਆ ਸੀ। ਕੁਝ ਪੈਸਿਵ ਜਿਣਸੀ ਪਰੇਸ਼ਾਨੀ ਹੋ ਸਕਦੀ ਹੈ। ਅਸੀਂ ਮਾਮਲੇ ਦੀ ਜਾਂਚ ਕਰ ਰਹੇ ਹਾਂ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ ਹੁਣ ਤੱਕ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।

ਬਾਂਕੁੜਾ ਸ਼ਹਿਰ ਤੋਂ ਅਰਥ ਸ਼ਾਸਤਰ ਦੇ ਦੂਜੇ ਸਾਲ ਦੇ ਵਿਦਿਆਰਥੀ ਅਤੇ ਹੁਗਲੀ ਜ਼ਿਲ੍ਹੇ ਦੇ ਅਰਾਮਬਾਗ ਤੋਂ ਸਮਾਜ ਸ਼ਾਸਤਰ ਦੇ ਵਿਦਿਆਰਥੀ ਨੂੰ ਐਤਵਾਰ ਸਵੇਰੇ ਗ੍ਰਿਫਤਾਰ ਕੀਤਾ ਗਿਆ ਸੀ। ਹੋਸਟਲ 'ਚ ਰਹਿ ਰਹੇ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਨੂੰ ਸ਼ੁੱਕਰਵਾਰ ਨੂੰ ਗ੍ਰਿਫਤਾਰ ਕੀਤਾ ਗਿਆ।

ਗ੍ਰਿਫਤਾਰ ਸਾਬਕਾ ਵਿਦਿਆਰਥੀ ਤੋਂ ਰਾਤ ਭਰ ਪੁੱਛਗਿੱਛ ਤੋਂ ਬਾਅਦ ਦੋਵਾਂ ਦੇ ਨਾਂ ਸਾਹਮਣੇ ਆਏ। ਦੋਵੇਂ ਇੱਕੋ ਹੋਸਟਲ ਦੇ ਵਿਦਿਆਰਥੀ ਹਨ ਅਤੇ ਜਦੋਂ ਕਿਸ਼ੋਰ ਕਥਿਤ ਤੌਰ 'ਤੇ ਹੋਸਟਲ ਦੀ ਇਮਾਰਤ ਦੀ ਦੂਜੀ ਮੰਜ਼ਿਲ ਤੋਂ ਡਿੱਗਿਆ ਤਾਂ ਉਹ ਉੱਥੇ ਮੌਜੂਦ ਸਨ। ਵੁਲਸ ਨੇ ਕਿਹਾ ਕਿ ਅਸੀਂ ਉਸ ਤੋਂ ਪੁੱਛਗਿੱਛ ਕਰਾਂਗੇ। ਉਨ੍ਹਾਂ ਕਿਹਾ ਕਿ ਦੋਵਾਂ ਵਿਦਿਆਰਥੀਆਂ ਨੂੰ ਬਾਅਦ ਵਿੱਚ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਅਗਲੇ ਸਿਟੀ ਕਾਊਂਸਲਰ ਦੀ ਚੋਣ ਲਈ ਜਲਦ ਹੋਵੇਗੀ ਜ਼ਿਮਨੀ ਚੋਣ




ਸਕਾਰਬਰੋ, 13 ਅਗਸਤ (ਪੋਸਟ ਬਿਊਰੋ) : ਆਪਣੇ ਅਗਲੇ ਸਿਟੀ ਕਾਊਂਸਲਰ ਦੀ ਚੋਣ ਕਰਨ ਲਈ ਸਕਾਰਬਰੋ ਸਾਊਥਵੈਸਟ ਦੇ ਵੋਟਰਾਂ ਨੂੰ ਜਲਦ ਹੀ ਜ਼ਿਮਨੀ ਚੋਣਾਂ ਦਾ ਸਾਹਮਣਾ ਕਰਨਾ ਹੋਵੇਗਾ।

ਵੀਰਵਾਰ ਨੂੰ ਟੋਰਾਂਟੋ ਸਿਟੀ ਕਾਊਂਸਲ ਵੱਲੋਂ ਵਾਰਡ ਨੂੰ 20 ਦੀ ਸੀਟ ਨੂੰ ਖਾਲੀ ਐਲਾਨਣ ਤੇ ਇਸ ਲਈ ਜ਼ਿਮਨੀ ਚੋਣ ਕਰਵਾਉਣ ਦੇ ਕਾਊਂਸਲਰ ਪਾਲ ਏਨਸਲੀ ਵੱਲੋਂ ਲਿਆਂਦੇ ਮਤੇ ਦੇ ਪੱਖ ਵਿੱਚ ਵੋਟ ਪਾਈ ਗਈ। ਸਕਾਰਬਰੋ ਸਾਊਥਵੈਸਟ ਸੀਟ 26 ਜੁਲਾਈ ਨੂੰ ਉਸ ਸਮੇਂ ਖਾਲੀ ਹੋਈ ਸੀ ਜਦੋਂ ਲੰਮੇਂ ਸਮੇਂ ਤੋਂ ਲੋਕਲ ਕਾਊਂਸਲਰ ਰਹੇ ਗੈਰੀ ਕ੍ਰਾਅਫਰਡ ਨੇ ਪ੍ਰੋਵਿੰਸੀਅਲ ਪੱਧਰ ਉੱਤੇ ਚੋਣਾਂ ਵਿੱਚ ਹਿੱਸਾ ਲੈਣ ਲਈ ਸਕਾਰਬਰੋ-ਗਿਲਡਵੁੱਡ ਦੀ ਸੀਟ ਤੋਂ ਪੀਸੀ ਪਾਰਟੀ ਉਮੀਦਵਾਰ ਵਜੋਂ ਖੜ੍ਹੇ ਹੋਣ ਲਈ ਅਸਤੀਫਾ ਦੇ ਦਿੱਤਾ ਸੀ।

6 ਸਤੰਬਰ ਨੂੰ ਜ਼ਿਮਨੀ ਚੋਣਾਂ ਲਈ ਲੋੜੀਂਦਾ ਬਾਇਲਾਅ ਪਾਸ ਹੋਵੇਗਾ ਤੇ ਸ਼ਾਮੀਂ 5:00 ਵਜੇ ਪ੍ਰਭਾਵੀ ਹੋ ਜਾਵੇਗਾ। ਇਸ ਲਈ ਨਾਮਜ਼ਦਗੀਆਂ ਅਗਲੇ ਦਿਨ ਖੁੱਲ੍ਹ ਜਾਣਗੀਆਂ। ਜ਼ਿਮਨੀ ਚੋਣਾਂ ਲਈ ਤਰੀਕ ਅਜੇ ਨਿਰਧਾਰਤ ਕੀਤੀ ਜਾਣੀ ਬਾਕੀ ਹੈ।

# ਚੀਨ 'ਚ ਹੋਈਆਂ ਵਿਸ਼ਵ ਯੂਨੀਵਰਸਿਟੀ ਖੇਡਾਂ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਐਥਲੀਟਾਂ ਨੇ ਪ੍ਰਾਪਤ ਕੀਤੀਆਂ ਸ਼ਾਨਦਾਰ ਜਿੱਤਾਂ

7 ਗੋਲਡ ਮੈਡਲ, 3 ਸਿਲਵਰ ਮੈਡਲ ਅਤੇ 2 ਕਾਂਸੀ ਦੇ ਮੈਡਲ ਹਾਸਲ ਕਰਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਦੇਸ਼ ਦਾ ਕੀਤਾ ਨਾਂ ਰੌਸ਼ਨ



ਅੰਮ੍ਰਿਤਸਰ, 13 ਅਗਸਤ, 2023 (ਪੋਸਟ ਬਿਊਰੋ): ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਐਥਲੀਟਾਂ ਨੇ ਅੰਤਰਰਾਸ਼ਟਰੀ ਮੰਚ 'ਤੇ ਕਮਾਲ ਦੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਦਿਆਂ ਖੇਡ ਜਗਤ ਵਿੱਚ ਇੱਕ ਮਾਅਰਕਾ ਮਾਰਿਆ ਹੈ। 28 ਜੁਲਾਈ ਤੋਂ 8 ਅਗਸਤ, 2023 ਤੱਕ ਚੇਂਗਦੂ, ਚੀਨ ਵਿੱਚ ਹੋਈਆਂ ਇੰਟਰਨੈਸ਼ਨਲ ਯੂਨੀਵਰਸਿਟੀ ਸਪੋਰਟਸ ਫੈਡਰੇਸ਼ਨ (ਫਿਸੂ) ਦੀਆਂ ਵਿਸ਼ਵ ਯੂਨੀਵਰਸਿਟੀ ਖੇਡਾਂ 2023 ਵਿੱਚ ਕੁੱਲ 12 ਤਗਮੇ ਜਿੱਤ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਪ੍ਰੋ. ਡਾ. ਜਸਪਾਲ ਸਿੰਘ ਸੰਧੂ ਨੇ ਆਪਣੇ ਅਥਲੀਟਾਂ ਦੀਆਂ ਪ੍ਰਾਪਤੀਆਂ 'ਤੇ ਮਾਣ ਪ੍ਰਗਟ ਕਰਦਿਆਂ ਐਥਲੀਟਾਂ ਅਤੇ ਉਨ੍ਹਾਂ ਦੇ ਕੋਚਾਂ ਨੂੰ ਯੂਨੀਵਰਸਿਟੀ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨ ਲਈ ਵਧਾਈ ਦਿੱਤੀ ਹੈ।

ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਸ਼ੁੱਕਰਵਾਰ 28 ਜੁਲਾਈ ਨੂੰ ਦੱਖਣ-ਪੱਛਮੀ ਚੀਨ ਦੇ ਸਿਚੁਆਨ ਸੂਬੇ ਦੀ ਰਾਜਧਾਨੀ ਚੇਂਗਦੂ ਵਿੱਚ ਇਨ੍ਹਾਂ ਵਿਸ਼ਵ ਯੂਨੀਵਰਸਿਟੀ ਖੇਡਾਂ ਦੇ 31ਵੇਂ ਸਮਰ ਐਡੀਸ਼ਨ ਦੀ ਰਸਮੀ ਸ਼ੁਰੂਆਤ ਕੀਤੀ ਸੀ। ਦੋ ਸਾਲਾਂ ਦੀ ਉਡੀਕ ਤੋਂ ਬਾਅਦ, ਚੇਂਗਦੂ 2021 ਫਿਸੂ ਵਿਸ਼ਵ ਯੂਨੀਵਰਸਿਟੀ ਖੇਡਾਂ ਸ਼ੁਰੂ ਹੋ ਗਈਆਂ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਐਥਲੀਟਾਂ ਨੇ ਸ਼ਾਨਦਾਰ 7 ਗੋਲਡ ਮੈਡਲ, 3 ਸਿਲਵਰ ਮੈਡਲ, ਅਤੇ 2 ਕਾਂਸੀ ਦੇ ਮੈਡਲ ਹਾਸਲ ਕਰਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਧਾਕ ਜਮਾਈ ਜਿਸ ਨਾਲ ਭਾਰਤ ਦਾ ਨਾਂ ਵਿਸ਼ਵ ਪੱਧਰ 'ਤੇ ਉਚਾ ਹੋਇਆ ਹੈ। ਇਸ ਪ੍ਰਾਪਤੀ ਨੇ ਭਾਰਤ ਨੂੰ ਤਮਗਾ ਸੂਚੀ ਵਿੱਚ 7ਵੇਂ ਸਥਾਨ 'ਤੇ ਲਿਆ ਦਿੱਤਾ ਹੈ, ਜੋ ਕਿ 60 ਸਾਲਾਂ ਦੇ ਅਰਸੇ ਵਿੱਚ ਦੇਸ਼ ਦੇ ਪਿਛਲੇ 18 ਤਮਗਿਆਂ ਦੀ ਗਿਣਤੀ ਨੂੰ ਦੇਖਦੇ ਹੋਏ ਇੱਕ ਪ੍ਰਭਾਵਸ਼ਾਲੀ ਪ੍ਰਾਪਤੀ ਹੈ।

ਫਿਸੂ ਵਿਸ਼ਵ ਯੂਨੀਵਰਸਿਟੀ ਖੇਡਾਂ, ਜਿਸ ਵਿੱਚ 113 ਦੇਸ਼ਾਂ ਦੀ ਨੁਮਾਇੰਦਗੀ ਕਰਨ ਵਾਲੇ 10,000 ਐਥਲੀਟਾਂ ਅਤੇ ਹੋਰ ਅਧਿਕਾਰੀਆਂ ਨੇ ਭਾਗ ਲਿਆ। ਇਸ ਵਿਚ ਐਥਲੀਟਾਂ ਨੇ ਬੇਮਿਸ-ਾਲ ਪ੍ਰਤਿਭਾ ਅਤੇ ਪ੍ਰਦਰਸ਼ਨ ਪੇਸ਼ ਕੀਤਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਐਥਲੀਟਾਂ ਨੇ ਨਾ ਸਿਰਫ ਆਪਣੇ ਬੇਮਿਸਾਲ ਹੁਨਰ ਦਾ ਪ੍ਰਦਰਸ਼ਨ ਕੀਤਾ ਬਲਕਿ ਸਮਰਪਣ ਅਤੇ ਲਗਨ ਦੀ ਭਾਵਨਾ ਨੂੰ ਵੀ ਦਰਸਾਇਆ ਜੋ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਬਣੀ ਯੂਨੀਵਰਸਿਟੀ ਦਾ ਮੁੱਖ ਉਦੇਸ਼ ਵੀ ਹੈ। ਯੂਨੀਵਰਸਿਟੀ ਦੇ ਐਥਲੀਟਾਂ ਦੀ ਸਫਲਤਾ ਉਨ੍ਹਾਂ ਦੇ ਅਣਥੱਕ ਯਤਨਾਂ ਅਤੇ ਉਨ੍ਹਾਂ ਦੇ ਕੋਚਾਂ ਦੇ ਸਮਰਪਿਤ ਮਾਰਗਦਰਸ਼ਨ ਦਾ ਪ੍ਰਮਾਣ ਹੈ। ਇਹ ਜਿੱਤਾਂ ਉਨ੍ਹਾਂ ਐਥਲੀਟਾਂ ਲਈ ਇੱਕ ਪ੍ਰੇਰਨਾ ਸਰੋਤ ਹਨ, ਖੇਡਾਂ ਵਿਚ ਜਿੱਤਣ ਅਤੇ ਖੇਡਣ ਲਈ ਦਿਨ ਰਾਤ ਇਕ ਕਰ ਸਕਦੇ ਹਨ। ਭਾਰਤ ਦੀ ਸਮੁੱਚੀ ਸਫਲਤਾ ਨੂੰ ਜੋੜਦੇ ਹੋਏ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਐਥਲੀਟਾਂ ਨੇ ਗਲੋਬਲ ਪਲੇਟਫਾਰਮ 'ਤੇ ਆਪਣੀ ਕਾਬਲੀਅਤ ਦਾ ਪ੍ਰਦਰਸ਼ਨ ਕਰਦੇ ਹੋਏ 2 ਸੋਨੇ, 3 ਚਾਂਦੀ ਅਤੇ 2 ਕਾਂਸੀ ਦੇ ਤਗਮੇ ਜਿੱਤੇ। ਇਸੇ ਤਰ੍ਹਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐਥਲੀਟਾਂ ਨੇ 3 ਗੋਲਡ, 1 ਸਿਲਵਰ ਅਤੇ 3 ਕਾਂਸੀ ਦੇ ਤਗਮੇ ਹਾਸਲ ਕੀਤੇ, ਜਿਸ ਨਾਲ ਪੰਜਾਬ ਦੀਆਂ ਸੰਸਥਾਵਾਂ ਦੀ ਬੇਮਿਸਾਲ ਕਾਰਗੁਜ਼ਾਰੀ ਪੇਸ਼ ਹੋਈ ਹੈ।

ਐਥਲੀਟਾਂ ਦੀਆਂ ਇਨ੍ਹਾਂ ਸ਼ਾਨਦਾਰ ਜਿਤਾਂ ਨੇ ਯੂਨੀਵਰਸਿਟੀ ਦੀ ਅਕਾਦਮਿਕ ਦੇ ਨਾਲ ਨਾਲ ਖੇਡਾਂ ਪ੍ਰਤੀ ਵਚਨਬੱਧਤਾ ਨੂੰ ਪੇਸ਼ ਕੀਤਾ ਹੈ। ਡਾ. ਕੰਵਰ ਮਨਦੀਪ ਸਿੰਘ, ਇੰਚਾਰਜ ਸਪੋਰਟਸ ਨੇ ਇਸ 'ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਐਥਲੀਟਾਂ ਅਤੇ ਕੋਚਾਂ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਜਿੱਤਾਂ ਦੀ ਗੂੰਜ ਨਾ ਸਿਰਫ ਯੂਨੀਵਰਸਿਟੀ ਸਗੋਂ ਪੂਰੇ ਭਾਰਤ ਦੇਸ਼ ਵਿਚ ਪਈ ਹੈ। ਉਨ੍ਹਾਂ ਕਿਹਾ ਕਿ ਇਹ ਸਾਨੂੰ ਉਨ੍ਹਾਂ ਸਾਰੀਆਂ ਸੰਭਾਵਨਾਵਾਂ ਦੀ ਯਾਦ ਦਿਵਾਉਂਦੀ ਹੈ ਜਿਨ੍ਹਾਂ ਨੂੰ ਸਮਰਪਣ ਅਤੇ ਲਗਨ ਨਾਲ ਸਰ ਕੀਤਾ ਜਾ ਸਕਦਾ ਹੈ।

# ਸਪੀਕਰ ਸੰਧਵਾਂ ਅਪਣੇ ਜੱਦੀ ਪਿੰਡ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਲਈ ਹੋਏ ਰੂਬਰੂ



ਕੋਟਕਪੂਰਾ, 13 ਅਗਸਤ (ਗਿਆਨ ਸਿੰਘ): ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਜਦੋਂ ਵੀ ਅਪਣੇ ਜੱਦੀ ਪਿੰਡ ਸੰਧਵਾਂ ਵਿਖੇ ਆਉਂਦੇ ਹਨ ਤਾਂ ਉਨ੍ਹਾਂ ਦਾ ਜਿਆਦ-ਾਤਰ ਸਮਾਂ ਪਿੰਡ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਉਹਨਾਂ ਦੇ ਹੱਲ ਕਰਨ ਵਿੱਚ ਹੀ ਬਤੀਤ ਹੁੰਦਾ ਹੈ।

ਇਸੇ ਕੜੀ ਤਹਿਤ ਇਸ ਵਾਰ ਉਹ ਅਪਣੇ ਜੱਦੀ ਪਿੰਡ ਸੰਧਵਾਂ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਲਈ ਰੂਬਰੂ ਹੋਏ। ਇਸ ਮੌਕੇ ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਰਹਿੰਦੇ ਲੋਕਾਂ ਨੂੰ ਕਿਸੇ ਕਿਸਮ ਦੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ ਤੇ ਪੰਜਾਬ ਸਰਕਾਰ ਲੋਕਾਂ ਦੀ ਹਰ ਸਮੱਸਿਆ ਹੱਲ ਕਰਨ ਲਈ ਵਚਨਬੱਧ ਹੈ। ਉਨ੍ਹਾਂ ਇਸ ਮੌਕੇ ਹਰ ਆਮ ਅਤੇ ਖਾਸ ਦੀਆਂ ਮੁਸ਼ਕਿਲਾਂ ਅਤੇ ਸੁਝਾਅ ਸੁਣੇ ਅਤੇ ਉਨ੍ਹਾਂ ਦੇ ਢੁੱਕਵੇਂ ਹੱਲ ਕੱਢਣ ਦਾ ਭਰੋਸਾ ਦਿੱਤਾ। ਇਸ ਮੌਕੇ ਵਿਭਾਗਾਂ ਦੇ ਨੁੰਮ-ਾਇੰਦੇ ਵੀ ਹਾਜ਼ਰ ਸਨ, ਤਾਂ ਜੋ ਇਨ੍ਹਾਂ ਵਿਭਾਗਾਂ ਨਾਲ ਸਬੰਧਤ ਸ਼ਿਕਾਇਤਾਂ ਦਾ ਫੌਰੀ ਨਿਪਟਾਰਾ ਕੀਤਾ ਜਾ ਸਕੇ। ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਸੁਣ ਕੇ ਸਪੀਕਰ ਸੰਧਵਾਂ ਨੇ ਸਬੰਧਤ ਵਿਭਾਗ ਨੂੰ ਸਮਾਂਬੱਧ ਤਰੀਕੇ ਨਾਲ ਇਸ ਦਾ ਹੱਲ ਕਰਨ ਦੇ ਹੁਕਮ ਜਾਰੀ ਕੀਤੇ। ਉਨ੍ਹਾਂ ਕਿਹਾ ਕਿ ਇਹ ਉੱਦਮ ਅੱਗੇ ਵੀ ਜਾਰੀ ਰਹਿਣਗੇ।

ਇਸ ਮੌਕੇ ਪੀ.ਆਰ.ਓ ਮਨਪ੍ਰੀਤ ਸਿੰਘ ਧਾਲੀਵਾਲ,ਵੱਡੀ ਗਿਣਤੀ ਵਿੱਚ ਪਿੰਡ ਵਾਸੀ, ਸਿਆਸੀ ਨੁੰਮਾਇੰਦੇ ਅਤੇ ਮੁਹੱਤਬਰ ਹਾਜ਼ਰ ਸੀ।

Office: 416-654-1010

Sutton


Sutton Group Security Real Estate Brokerage
2700 Dufferin St #47, Toronto ON M6B4J3



"For all your real estate needs"

Anabela Serra
Sales Representative
416-400-5825
anabelserra75@gmail.com






$1,149,000

98 JOHN ST E
Bradford West Gwillimbury, Ontario L3Z1G4

A 5-Plex on a Premium lot of 54 x 148*. Lovely stucco & vinyl multiplex in the heart of Bradford. Annual Gross Income is Approx $60,000. Located on a quiet residential street that is close to schools, shopping, restaurants & entertainment. Easy access to the highway for commuters

97 JOHN ST E
Bradford West Gwillimbury, Ontario L3Z2B5



$1,089,000

A charming, well-maintained detached house that's been converted into 4 units; One 2 bedroom unit and three 1 bedroom units. This property sits on a premium lot 50X148 with a large backyard and a large storage shed shared by tenants. Easily convert back to a single family home. All units are currently rented on a month-to-month tenancy.

103 JOHN ST W
Bradford West Gwillimbury, Ontario L3Z2A8



$799,000

**3 UNITS** Lovely semi detached in the heart of Bradford. One 2 bedroom unit, One 1 bedroom unit and 1 bachelor. Annual Gross Income Is Approx $41,000(Gross). Lots Of Parking, Quiet Residential Street Close To Shopping, Restaurants, Schools And Entertainment. Huge Lot 36Ft X 167 Ft. All tenants on a month-to-month tenancy.

6273 YONGE ST
Innisfil, Ontario L0L1K0



$799,000

Great opportunity to own a 4-plex with a monthly income of $4654.00. This property features 3 two bedroom units and one 1 bedroom unit. New septic system was installed in 2021. The tenants would like to stay if possible. Location is on the bus route and minutes to Barrie or Bradford. EXTRA: All existing appliances, all ELFs, Coin operated washer and dryer.

2217 VICTORIA ST
Innisfil, Ontario L9S1A8



$499,000

Ideal building lot dream home steps to the beach. Or Perfect Starter Home Or Investment Property In Village Of Stroud. Home Is Located Minutes From The Go Bus Stop And A Short Walk From Stores And All Amenities. Features Include Gas Furnace 2014, Steel Roof 2014, Plumbing And Wiring 2014, Electrical Panel 2014. A Short Drive To Lake Simcoe.

ਕੈਨੇਡਾ ਕਬੱਡੀ ਕੱਪ 2023

# ਪੰਜਾਬੀਆਂ ਲਈ ਕਬੱਡੀ ਕੱਪ ਹੀ ਓਲੰਪਿਕ ਖੇਡਾਂ



-ਪ੍ਰਿੰ. ਸਰਵਣ ਸਿੰਘ-

ਕਦੇ ਮੈਂ ਲਿਖਿਆ ਸੀ: ਇਕ ਬੰਨੇ ਓਲੰਪਿਕ ਖੇਡਾਂ ਹੋ ਰਹੀਆਂ ਹੋਣ ਤੇ ਦੂਜੇ ਬੰਨੇ ਕਬੱਡੀ ਤਾਂ ਆਮ ਪੰਜਾਬੀ ਕਬੱਡੀ ਵੇਖਣ ਨੂੰ ਤਰਜੀਹ ਦਿੰਦੇ ਹਨ। ਉਨ੍ਹਾਂ ਲਈ ਕਬੱਡੀ ਸਰੀਰਕ ਕਰਤਬਾਂ ਦੀ ਸ਼ਾਇਰੀ ਹੈ। ਪੰਜਾਬੀ ਕਬੱਡੀ ਦੇ ਦੀਵਾਨੇ ਹਨ, ਆਸ਼ਕ ਹਨ, ਮਸਤਾਨੇ ਹਨ। ਬੇਸ਼ੱਕ ਬਿਜਲੀ ਕੜਕਦੀ ਹੋਵੇ, ਝੱਖੜ ਝੁਲਦਾ ਹੋਵੇ, ਨਦੀ ਚੜ੍ਹੀ ਹੋਵੇ, ਸ਼ੀਹਾਂ ਨੇ ਪੱਤਣ ਮੱਲੇ ਹੋਣ ਪਰ ਪਤਾ ਲੱਗ ਜਾਵੇ ਸਹੀ ਕਿ ਨਦੀ ਦੇ ਪਰਲੇ ਪਾਰ ਕਬੱਡੀ ਦਾ ਕਾਂਟੇਦਾਰ ਮੈਚ ਹੋ ਰਿਹੈ। ਫੇਰ ਕਿਹੜਾ ਪੰਜਾਬੀ ਹੈ ਜਿਹੜਾ ਵਗਦੀ ਨੈਂ ਨਾ ਠਿੱਲ੍ਹੇ? ਉਹ ਰਾਹ ’ਚ ਪੈਂਦੇ ਸੱਪਾਂ ਸ਼ੀਹਾਂ ਦੀ ਪਰਵਾਹ ਨਹੀਂ ਕਰੇਗਾ ਤੇ ਕਬੱਡੀ ਦੇ ਦਾਇਰੇ ਦੁਆਲੇ ਜਾ ਖੜ੍ਹੇਗਾ। ਜਿਵੇਂ ਹਿੰਦ ਮਹਾਂਦੀਪ ਦੇ ਲੋਕਾਂ ਨੂੰ ਕ੍ਰਿਕਟ ਨੇ ਪੱਟਿਆ, ਜੱਗ ਜਹਾਨ ਦੇ ਗੋਰੇ ਕਾਲਿਆਂ ਨੂੰ ਫੁੱਟਬਾਲ ਨੇ ਕਮਲੇ ਕੀਤਾ ਉਵੇਂ ਪੂਰਬ ਤੇ ਪੱਛਮ ਦੇ ਪੰਜਾਬੀਆਂ ਨੂੰ ਕਬੱਡੀ ਚੜ੍ਹੀ ਹੈ। ਕਬੱਡੀ ’ਚ ਕੈਂਚੀਆਂ ਤੇ ਠਿੱਬੀਆਂ ਹਨ, ਡਾਲਰਾਂ ਦੀ ਡਾਜ ਹੈ, ਵਿਦੇਸ਼ਾਂ ਦੇ ਵੀਜ਼ੇ ਹਨ, ਵੀਡੀਓਜ਼ ਦੀ ਚਕਾਚੌਂਧ ਹੈ ਤੇ ਕਲਹਿਣੀ ਡਰੱਗ ਦਾ ਜੱਫਾ ਹੈ। ਕਬੱਡੀ ’ਚ ਆ ਰਹੇ ਐਬਾਂ ਤੋਂ ਕਬੱਡੀ ਪ੍ਰੇਮੀਆਂ ਤੇ ਪ੍ਰਮੋਟਰਾਂ ਨੂੰ ਸਾਵਧਾਨ ਹੋ ਜਾਣਾ ਚਾਹੀਦੈ।

ਕਬੱਡੀ ਦੀ ਖੇਡ ਵਾਹੇ ਵਾਹਣਾਂ, ਕੱਲਰਾਂ ਤੇ ਰੜੀਆਂ ਰੌੜਾਂ ਤੋਂ ਹੁਣ ਵਾਤਾਨਕੂਲ ਖੇਡ ਭਵਨਾਂ ਤਕ ਪੁੱਜ ਗਈ ਹੈ। ਇਹਦੇ ਮੈਚ ਹੁਣ ਮਿੱਟੀ ’ਤੇ ਨਹੀਂ ਮੈਟਾਂ ਉਤੇ ਖੇਡੇ ਜਾਣ ਲੱਗੇ ਹਨ। ਕਬੱਡੀ ਪ੍ਰਮੋਟਰ ਖਿਡਾਰੀਆਂ, ਰੈਫਰੀਆਂ ਤੇ ਕੁਮੈਂਟੇਟਰਾਂ ਨੂੰ ਤਾਂ ਪ੍ਰਮੋਟ ਕਰਨ ਲੱਗ ਪਏ ਹਨ ਪਰ ਕਬੱਡੀ ਨੂੰ ਲਿਖਤੀ ਤੌਰ ’ਤੇ ਰਿਕਾਰਡ ਕਰਨ ਵਾਲਿਆਂ ਵੱਲ ਅਜੇ ਉਨ੍ਹਾਂ ਦਾ ਧਿਆਨ ਨਹੀਂ ਗਿਆ। ਤਦੇ ਤਾਂ ਕਹਿੰਦੇ ਹਨ ਕਿ ਪੰਜਾਬੀ ਮੱਲਾਂ ਤਾਂ ਵੱਡੀਆਂ ਮਾਰ ਲੈਂਦੇ ਹਨ ਪਰ ਉਨ੍ਹਾਂ ਦਾ ਲਿਖਤੀ ਰਿਕਾਰਡ ਰੱਖਣੋ ਅਵੇਸਲੇ ਹੋ ਜਾਂਦੇ ਹਨ। ਇਹੋ ਕਾਰਨ ਹੈ ਕਿ ਅਨੇਕਾਂ ਧਨੰਤਰ ਖਿਡਾਰੀ ਤੇ ਖਰੇ ਖੇਡ ਪ੍ਰਮੋਟਰ ਥੋੜ੍ਹਚਿਰੀ ਬੱਲੇ ਬੱਲੇ ਕਰਵਾਉਣ ਪਿੱਛੋ ਚੇਤਿਆਂ ’ਚੋਂ ਵਿਸਰ ਜਾਂਦੇ ਹਨ।

12 ਅਗੱਸਤ 2023 ਨੂੰ 30ਵਾਂ ਕੈਨੇਡਾ ਕਬੱਡੀ ਕੱਪ ਹੋਇਆ ਜੋ ਕਬੱਡੀ ਫੈਡਰੇਸ਼ਨ ਓਨਟਾਰੀਓ ਦੀ ਸਰਪ੍ਰਸਤੀ ਹੇਠ ਯੂਨਾਈਟਿਡ ਬਰੈਂਪਟਨ ਸਪੋਰਟਸ ਕਲੱਬ ਵੱਲੋਂ ਨੇਪਰੇ ਚਾੜ੍ਹਿਆ ਗਿਆ। ਉਸ ਦਿਨ ਟੋਰਾਂਟੋ ਦੇ ਕਬੱਡੀ ਪ੍ਰੇਮੀਆਂ ਦਾ ਮੁਹਾਣ ਹੈਮਿਲਟਨ ਦੇ ਇਨਡੋਰ ਸਟੇਡੀਅਮ, ਫਸਟ ਓਨਟਾਰੀਓ ਸੈਂਟਰ ਹੈਮਿਲਟਨ ਵੱਲ ਸੀ। ਗੱਡੀਆਂ ਤੇ ਜੀਪਾਂ ਵਿਚ ਕਬੱਡੀ ਦੇ ਗੀਤ ਗੂੰਜਦੇ ਜਾਂਦੇ ਸਨ। ਪੁਰੇਵਾਲ ਪੇਂਡੂ ਓਲੰਪਿਕਸਕਰਾਉਣ ਵਾਲਾ ਗੁਰਜੀਤ ਸਿੰਘ ਵੀ ਵੈਨਕੂਵਰ ਤੋਂ ਰਾਤ ਦੀ ਫਲਾਈਟ ਫੜ ਕੇ ਟੋਰਾਂਟੋ ਪੁੱਜ ਗਿਆ ਸੀ।ਮੇਰਾ ਤੇ ਕਬੱਡੀ ਕੁਮੈਂਟੇਟਰ ਮੱਖਣ ਸਿੰਘ ਹਕੀਮਪੁਰੀਦਾ ਸਾਰਥੀ ਟੋਰਾਂਟੋ ਦਾ ਹੀਰਾ ਸਰਬਜੀਤ ਸਿੰਘ ਦਿਓਲ ਸੀ। ਉਹਦੀ ਗੱਡੀ ਹਵਾ ਨੂੰ ਗੰਢਾਂ ਦਿੰਦੀ ਜਾਂਦੀ ਸੀ। ਉਂਜ ਤਾਂ ਕਬੱਡੀ ਦੇ ਬਥੇਰੇ ਕੱਪ ਹੁੰਦੇ ਹਨ ਪਰ ਕੈਨੇਡਾ ਕਬੱਡੀ ਕੱਪ ਦੀ ਸ਼ਾਨ ਨਿਰਾਲੀ ਹੈ। ਦੇਸ਼ ਵਿਦੇਸ਼ ਦੇ ਪੰਜਾਬੀ ਉਸ ਨੂੰ ‘ਕਬੱਡੀ ਦੀ ਓਲੰਪਿਕਸ’ ਹੀ ਸਮਝਦੇ ਹਨ। 1991 ਵਿਚ ਟੋਰਾਂਟੋ ਦੇ ਕਬੱਡੀ ਪ੍ਰੇਮੀਆਂ ਨੇ ਵਿਉਂਤ ਬਣਾਈ ਸੀ ਕਿ ਅਜਿਹਾ ਕੱਪ ਕਰਵਾਇਆ ਜਾਵੇ ਜਿਸ ’ਚ ਵਿਸ਼ਵ ਭਰ ਦੇ ਤਕੜੇ ਕਬੱਡੀ ਖਿਡਾਰੀਆਂ ਦੀ ਖੇਡ ਇਕੋ ਥਾਂ ਵੇਖਣ ਨੂੰ ਮਿਲ ਸਕੇ। ਉਦੋਂ ਪੰਜ ਹਜ਼ਾਰ ਡਾਲਰ ਦਾ ਵੱਡਾ ਕੱਪ ਬਣਵਾਇਆ ਗਿਆ। ਜੇਤੂ ਟੀਮ ਨੂੰ ਦਸ ਹਜ਼ਾਰ ਡਾਲਰ ਦਾਇਨਾਮ ਰੱਖਿਆ ਗਿਆ। ਕੱਪ ਵੇਖਣ ਲਈ ਪੰਜ ਡਾਲਰ ਦੀ ਟਿਕਟ ਲਾਈ ਗਈ। 30ਵੇਂ ਕੱਪ ਤਕ ਪੁੱਜਦਿਆਂ ਕੱਪ ਦੀ ਟਿਕਟ 5 ਡਾਲਰ ਤੋਂ 120 ਡਾਲਰ ਦੀ ਹੋ ਗਈ ਹੈ। ਦਰਸ਼ਕਾਂ ਨੂੰ ਸਟੇਡੀਅਮ ’ਚ ਬਹਿ ਕੇ ਕੱਪ ਵੇਖਣਾਘੱਟੋ-ਘੱਟ ਦੋਦੋ ਸੌ ਡਾਲਰਾਂ ’ਚ ਪਿਆ। ਪ੍ਰਬੰਧਕਾਂ ਦਾ ਤਰਕ ਹੈ ਕਿ ਕੱਪ ਕਰਾਉਣ ਦੇ ਖਰਚੇ ਬਹੁਤ ਵਧ ਗਏ ਹਨ।

ਪਹਿਲਾ ਕੈਨੇਡਾ ਕਬੱਡੀ ਕੱਪ ਮੈਟਰੋ ਪੰਜਾਬੀ ਸਪੋਰਟਸ ਕਲੱਬ ਨੇ 8 ਅਗੱਸਤ 1991 ਨੂੰ ਵਰਸਿਟੀ ਸਟੇਡੀਅਮ ਟੋਰਾਂਟੋ ’ਚ ਕਰਵਾਇਆ ਸੀ ਜਿਸ ਲਈ ਕੈਨੇਡਾ, ਭਾਰਤ, ਪਾਕਿਸਤਾਨ, ਇੰਗਲੈਂਡ, ਅਮਰੀਕਾ ਤੇ ਸਕਾਟਲੈਂਡ ਦੀਆਂ ਟੀਮਾਂ ਸੱਦੀਆਂ ਗਈਆਂ ਸਨ। ਪਾਕਿਸਤਾਨ ਦੀ ਟੀਮ ਨੂੰ ਵੀਜ਼ਾ ਨਾ ਮਿਲਣ ਕਰਕੇ ਕੈਨੇਡਾ ਦੀਆਂ ਦੋ ਟੀਮਾਂ ਈਸਟ ਤੇ ਵੈਸਟ ਬਣਾ ਕੇ ਛੇ ਟੀਮਾਂ ਦੇ ਮੈਚ ਕਰਾਏ ਗਏ। ਫਾਈਨਲ ਮੈਚ ਅਮਰੀਕਾ ਤੇ ਭਾਰਤ ਦੀਆਂ ਟੀਮਾਂ ਵਿਚਾਲੇ ਹੋਇਆ ਜੋ ਅਮਰੀਕਾ ਦੀ ਟੀਮ ਜਿੱਤੀ। ਬੈੱਸਟ ਧਾਵੀ ਅੰਗਰੇਜ਼ ਬਿੱਲਾ ਤੇ ਬੈੱਸਟ ਜਾਫੀ ਸੁਖਵਿੰਦਰ ਨੇਕੀ ਬਣੇ।

1995 ਦਾ ਕੈਨੇਡਾ ਕੱਪ ਜਿਸ ਨੂੰ ਆਲਮੀ ਕਬੱਡੀ ਚੈਂਪੀਅਨਸ਼ਿਪ ਦਾ ਨਾਂ ਦਿੱਤਾ ਗਿਆ ਕੈਨੇਡਾ ਕਬੱਡੀ ਕੱਪਾਂ ਦੇ ਇਤਿਹਾਸ ਵਿਚ ਮੀਲ ਪੱਥਰ ਹੈ। ਉਹ ਕੌਪਿਸ ਕੋਲੀਜ਼ੀਅਮ ਹੈਮਿਲਟਨ ਵਿਚ ਕਰਵਾਇਆ ਗਿਆ ਸੀ ਜਿਸ ਨੂੰ ਚੌਦਾਂ ਹਜ਼ਾਰ ਦਰਸ਼ਕਾਂ ਨੇ ਵੇਖਿਆ। ਫਾਈਨਲ ਮੈਚ ਭਾਰਤ ਤੇ ਪਾਕਿਸਤਾਨ ਦੀਆਂ ਟੀਮਾਂ ਵਿਚਾਲੇ ਹੋਇਆ ਜੋ ਭਾਰਤ ਦੀ ਟੀਮ ਨੇ ਜਿੱਤਿਆ। ਬੈੱਸਟ ਧਾਵੀ ਹਰਜੀਤ ਬਾਜਾਖਾਨਾ ਤੇ ਬੈੱਸਟ ਜਾਫੀ ਜਗਤਾਰ ਧਨੌਲਾ ਨਿਕਲੇ ਸਨ। ਇਹ ਕੱਪ ਤਿੰਨ ਕਲੱਬਾਂ, ਓਨਟਾਰੀਓ ਕਬੱਡੀ ਕਲੱਬ, ਸ਼ੇਰੇ ਪੰਜਾਬ ਸਪੋਰਟਸ ਤੇ ਦੇਸ਼ ਭਗਤ ਸਪੋਰਟਸ ਕਲੱਬ ਨੇ ਰਲ ਮਿਲ ਕੇ ਕਰਵਾਇਆ ਸੀ। ਉਦੋਂ ਮੈਂ ਤੇ ਦਾਰਾ ਸਿੰਘ ਗਰੇਵਾਲ ਕੇਵਲ ਦੋ ਹੀ ਕੁਮੈਂਟੇਟਰ ਸਾਂ। 30ਵੇਂ ਕੱਪ ਤਕ ਪੁੱਜਦਿਆਂ ਕਬੱਡੀ ਦੀ ਕੁਮੈਂਟਰੀ ਕਰਨ ਵਾਲੇ ਛੇ ਜਣੇ ਸਨ। ਹੁਣ ਕੁਮੈਂਟੇਟਰਾਂ ਦੀ ਫੁਲਵਾੜੀ ’ਚ ਦਰਜਨਾਂ ਫੁੱਲ ਟਹਿਕ ਰਹੇ ਨੇ। ਕਬੱਡੀ ਨਾਲ ਕੁਮੈਂਟਰੀ ਇੰਜ ਜੁੜ ਗਈ ਹੈ ਜਿਵੇਂ ਗਾਣੇ ਨਾਲ ਸਾਜ ਸੰਗੀਤ।

29ਵਾਂ ਕੈਨੇਡਾ ਕਬੱਡੀ ਕੱਪ ਕੋਵਿਡ ਕਰਕੇ 2022 ਵਿਚ ਚਾਰ ਸਾਲਾਂ ਦੇ ਵਕਫ਼ੇ ਬਾਅਦ ਹੋਇਆ ਸੀ। ਉਸ ਵਿਚ ਛੇ ਟੀਮਾਂ ਕੈਨੇਡਾ ਈਸਟ, ਕੈਨੇਡਾ ਵੈਸਟ, ਯੂਐਸਏ, ਯੂਰਪ, ਪੰਜਾਬ ਇੰਡੀਆ ਤੇ ਇੰਗਲੈਂਡ ਦੀਆਂ ਟੀਮਾਂ ਨੇ ਭਾਗ ਲਿਆ ਸੀ। ਫਾਈਨਲ ਮੈਚ ਕੈਨੇਡਾ ਈਸਟ ਤੇ ਪੰਜਾਬ ਇੰਡੀਆ ਦੀਆਂ ਟੀਮਾਂ ਵਿਚਕਾਰ ਹੋਇਆ ਜੋ ਕੈਨੇਡਾ ਈਸਟ ਨੇ 47-46 ਅੰਕਾਂ ਨਾਲ ਜਿੱਤਿਆ ਸੀ। ਬੰਟੀ ਟਿੱਬਾ ਨੂੰ 21 ਰੇਡਾਂ ਵਿਚ 21 ਅੰਕ ਲੈਣ ਕਰਕੇ ਬੈਸਟ ਧਾਵੀ ਤੇ ਫਰਿਆਦ ਅਲੀ ਨੂੰ 21 ਕੋਸ਼ਿਸ਼ਾਂ ਵਿਚ 8 ਜੱਫੇ ਲਾਉਣ ਕਰਕੇ ਬੈਸਟ ਜਾਫੀ ਐਲਾਨਿਆ ਗਿਆ ਸੀ।

30ਵੇਂ ਕਬੱਡੀ ਕੱਪ ਦੀ ਸ਼ੁਰੂਆਤ ਛੇ ਟੀਮਾਂ ਦੇ ਮਾਰਚ ਪਾਸਟ, ਖਿਡਾਰੀਆਂ ਵੱਲੋਂ ਸਹੁੰ ਚੁੱਕਣ, ਕੱਪ ਦੀ ਸਫਲਤਾ ਲਈ ਅਰਦਾਸ ਕਰਨ ਤੇ ਪੰਜਾਬੀਆਂ ਦੇ ਮਨਭਾਉਂਦੇ ਨਾਚ ਭੰਗੜੇ ਦੀ ਧਮਕ ਨਾਲ ਸ਼ੁਰੂ ਹੋਈ। ਪਹਿਲਾਂ ਮੈਚ ਕੈਨੇਡਾ ਈਸਟ ਤੇ ਯੂਕੇ ਵਿਚਕਾਰ ਹੋਇਆ ਜੋ ਕੈਨੇਡਾ ਈਸਟ ਨੇ 48-32 ਅੰਕਾਂ ਨਾਲ ਜਿੱਤਿਆ। ਦੂਜਾ ਮੈਚ ਬੜਾ ਫਸਵਾਂ ਹੋਇਆ ਜਿਸ ਵਿਚ ਅਮਰੀਕਾ ਨੇ ਪਾਕਿ-ਸਤਾਨ ਨੂੰ 37-34 ਅੰਕਾਂ ਨਾਲ ਮਸੀਂ ਹਰਾਇਆ। ਤੀਜਾ ਮੈਚ ਕੈਨੇਡਾ ਵੈਸਟ ਤੇ ਯੂਕੇ ਦੀਆਂ ਟੀਮਾਂ ਵਿਚਾਲੇ ਹੋਇਆ ਜੋ ਕੈਨੇਡਾ ਵੈਸਟ ਨੇ 39-33 ਅੰਕਾਂ ਨਾਲ ਜਿੱਤਿਆ। ਚੌਥੇ ਮੈਚ ਵਿਚ ਭਾਰਤ ਨੇ ਪਾਕਸਿਤਾਨ ਨੂੰ 39-28 ਅੰਕਾਂ ਨਾਲ ਹਰਾ ਦਿੱਤਾ।

ਪਹਿਲਾ ਸੈਮੀ ਫਾਈਨਲ ਮੈਚ ਅਮਰੀਕਾ ਨੇ ਕੈਨੇਡਾ ਵੈੱਸਟ ਨੂੰ 44-36 ਅੰਕਾਂ ਦੇ ਫਰਕ ਨਾਲ ਹਰਾ ਕੇ ਜਿੱਤਿਆ। ਦੂਜੇ ਸੈਮੀ ਫਾਈਨਲ ਵਿਚ ਕੈਨੇਡਾ ਈਸਟ ਨੇ ਭਾਰਤੀ ਟੀਮ ਨੂੰ 47-43 ਅੰਕਾਂ ਨਾਲ ਹਰਾ ਦਿੱਤਾ। ਫਾਈਨਲ ਮੈਚ ਵਿਚ ਕੈਨੇਡਾ ਈਸਟ ਨੇ ਅਮਰੀਕਾ ਦੀ ਟੀਮ ਨੂੰ 53-45 ਅੰਕਾਂ ਨਾਲ ਹਰਾ ਕੇ ਧੰਨ ਧੰਨ ਕਰਾ ਦਿੱਤੀ। ਰਵੀ ਦਿਓੜਾ ਨੂੰ ਫਾਈਨਲ ਮੈਚ ਵਿਚ 24 ਅੰਕ ਲੈਣ ਕਰਕੇ ਬੈੱਸਟ ਧਾਵੀ ਤੇ ਰਵੀ ਸਾਹੋਕੇ ਨੂੰ 15 ਕੋਸ਼ਿਸ਼ਾਂ ਵਿਚ 3 ਜੱਫੇ ਲਾਉਣ ਕਰਕੇ ਬੈੱਸਟ ਜਾਫੀ ਐਲਾਨਿਆ ਗਿਆ। ਦੋਹਾਂ ਖਿਡਾਰੀਆਂ ਨੂੰ ਯਾਦਗਾਰੀ ਕੱਪਾਂ ਤੇ 5100-5100 ਡਾਲਰ ਦੇ ਨਕਦ ਇਨਾਮਾਂ ਨਾਲ ਸਨਮਾਨਿਆ ਗਿਆ। 31ਵਾਂ ਕੈਨੇਡਾ ਕੱਪ ਸੰਭਵ ਹੈ ਯੰਗ ਸਪੋਰਟਸ ਕਲੱਬ, ਟੋਰਾਂਟੋ ਦੇ ਸਕਾਈਡੋਮ ਵਿਚ ਹੀ ਕਰਾਵੇ ਤੇ ਟਿਕਟ ਹੋਰ ਵੀ ਮਹਿੰਗੀ ਹੋ ਜਾਵੇ। ਤਦੇ ਤਾਂ ਕਹਿੰਦੇ ਹਨ ਸ਼ੌਕ ਦਾ ਕੋਈ ਮੁੱਲ ਨਹੀਂ ਹੁੰਦਾ।

ਗੋਲ ਜਿਹਾ ਦਾਇਰਾ ਵਿਚ ਹੰਧੇ ਦੋ ਦਿਸਦੇ,
ਚੜ੍ਹ ਜਾਂਦਾ ਚਾਅ ਜਾਂ ਖਿਡਾਰੀ ਵਿਚ ਦਿਸਦੇ
ਬਥੇਰੇ ਅਜੇ ਖੇਡਦੇ ਪਰ ਕਈਆਂ ਖੇਡ ਛੱਡੀ,
ਖੇਡਣੀ ਕਬੱਡੀ ਯਾਰੋ ਖੇਡਣੀ ਕਬੱਡੀ...












## ਲੜਕੀ ਦੀ ਲੋੜ

Sikh Ramgarhia Boy, well settled family in Canada is looking for a suitable match for their 32-year-old son. Doing business in Ontario and Winnipeg. Canadian citizen, Height: 5"10', Active in Real Estate and Financing Business. Call: 204-510-7658 or 437-881-7282

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋ-ਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ ’ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ। ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੇਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11” ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

Need suitable match for 58 years old Hindu (Khatri) lady (Non Manglik), Height 5’3”. Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5’4” tall, has a bachelor’s degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com






## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5’-3”, ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300


ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜ਼ਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11” ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2” ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com










# ਅਗਲੇ ਸਾਲ ਦੀਆਂ ਚੋਣਾਂ ਅਤੇ ਧਰਮ-ਨਿਰਪੱਖ ਧਿਰਾਂ ਦੀ ਤ੍ਰਾਸਦੀ

ਜਤਿੰਦਰ ਪਨੂੰ ਦੀ ਕਲਮ ਤੋਂ



ਭਾਰਤ ਵਿੱਚ ਇੱਕ ਬਹਿਸ ਚੱਲ ਤੁਰੀ ਹੈ ਤੇ ਦਿਨੋ-ਦਿਨ ਅੱਗੇ ਵਧੀ ਜਾਂਦੀ ਹੈ ਕਿ ਅਗਲੇ ਸਾਲ ਲੋਕ ਸਭਾ ਚੋਣਾਂ ਵਿੱਚ ਕੀ ਬਣੇਗਾ! ਦੇਸ਼ ਦੀ ਕਮਾਨ ਸੰਭਾਲ ਰਹੀ ਧਿਰ ਹੱਦੋਂ ਵੱਧ ਭਰੋਸੇ ਨਾਲ ਆਪਣੇ ਲੋਕਾਂ ਨੂੰ ਇਹ ਕਹਿਣ ਵਿੱਚ ਮਾਣ ਮਹਿਸੂਸ ਕਰਦੀ ਹੈ ਕਿ ਜਿੰਨੇ ਮਰਜ਼ੀ ਵਿਰੋਧੀ ਧੜੇ ਇਕੱਠੇ ਹੋ ਜਾਣ, ਹਾਕਮ ਧਿਰ ਤੇ ਉਸ ਦੇ ਸਿਖਰਲੇ ਆਗੂ ਨਰਿੰਦਰ ਮੋਦੀ ਦਾ ਮੁਕਾਬਲਾ ਕਰਨ ਦੀਕਿਸੇ ਦੀ ਹਿੰਮਤ ਨਹੀਂ। ਉਸਵਿਚਾਰਧਾਰਾ ਨੂੰ ਕੋਈ ਚੰਗੀ ਕਹੀ ਜਾਵੇ ਜਾਂ ਮਾੜੀ, ਉਸ ਦੇ ਆਧਾਰ ਉੱਤੇ ਰਾਜਨੀਤੀ ਕਰਨ ਦੀਆਂ ਗੱਲਾਂ ਕਰਦੀ ਰਹੀ ਇਹ ਪਾਰਟੀ ਇਸ ਵਕਤ ਸਿਰਫ ਇੱਕ ਆਗੂ ਪਿੱਛੇ ਲੋਕਾਂ ਨੂੰ ਲਾਮਬੰਦ ਕਰਨ ਲਈ ਪੂਰੀ ਤਰ੍ਹਾਂ ਤੁਲ ਪਈ ਹੈ, ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਭਾਰਤ ਦੇ ਲੋਕ ਵਿਚਾਰਧਾਰਾ ਤੋਂ ਵੱਧ ਧੜੱਲੇਦਾਰ ਹਸਤੀਆਂ ਪਿੱਛੇ ਲੜਨ-ਮਰਨ ਲਈ ਛੇਤੀ ਤਿਆਰ ਹੋ ਸਕਦੇ ਹਨ। ਉਸ ਇਕੱਲੇ ਆਗੂ ਨੂੰ ਧਰਮ-ਰੱਖਿਅਕ ਬਣਾ ਕੇ ਪੇਸ਼ ਕੀਤੇ ਜਾਣ ਨਾਲ ਜਿਹੜੇ ਲੋਕ ਉਸ ਦੀ ਸਰਕਾਰ ਦੀਆਂ ਨੀਤੀਆਂ ਦੇ ਸਖਤ ਵਿਰੋਧੀ ਹਨ, ਚੋਣਾਂ ਦੇ ਦੌਰਾਨ ਉਹ ਵੀ ਆਪਣੇ ਧਰਮ ਦੇ ਜੈਕਾਰੇ ਨਾਲ ਉਸ ਆਗੂ ਪਿੱਛੇ ਖੜੇ ਹੋਣ ਲਈ ਤਿਆਰ ਹੋ ਸਕਦੇ ਹਨ। ਉਸ ਪਾਰਟੀ ਨੂੰ ਉਹ ਫਾਰਮੂਲਾ ਸਮਝ ਆ ਗਿਆ ਹੈ, ਜਿਹੜਾ ਕਾਂਗਰਸ ਪਾਰਟੀ ਆਪਣੀ ਚੜ੍ਹਤ ਦੌਰਾਨ ਅੱਧਾ-ਅਧੂਰਾ ਵਰਤਦੀ ਰਹੀ ਸੀ ਅਤੇ ਇਹ ਪਾਰਟੀ ਓਸੇ ਫਾਰਮੂਲੇ ਨੂੰ ਉਸ ਤੋਂ ਉਲਟੇ ਰੁਖ ਮੁਕੰਮਲ ਰੂਪ ਵਿੱਚ ਵਰਤਣਦੇ ਰਾਹ ਪਈ ਹੈ। ਕਾਂਗਰਸ ਦੀ ਗੱਲ ਕੀ ਕਰਨੀ, ਬਾਕੀ ਧਰਮ-ਨਿਰਪੱਖ ਧਿਰਾਂ ਵੀ ਇਸ ਫਾਰਮੂਲੇ ਦੇ ਵਿਰੋਧ ਲਈ ਲਾਮਬੰਦ ਨਹੀਂ ਹੋ ਰਹੀਆਂ।

ਚਿਰਾਂ ਤੱਕ ਕਾਂਗਰਸ ਵੱਲੋਂ ਵਰਤਿਆ ਜਾਂਦਾ ਰਿਹਾ ਫਾਰਮੂਲਾ ਇਹ ਸੀ ਕਿ ਘੱਟ-ਗਿਣਤੀਆਂ ਅੰਦਰ ਡਰ ਜਿਹਾ ਕਾਇਮ ਰੱਖੋ, ਬਹੁ-ਗਿਣਤੀ ਕਦੀ ਇੱਕੋ ਥਾਂ ਭੁਗਤਣੀ ਨਹੀਂ, ਉਸ ਦਾ ਅੱਧ-ਪਚੱਧ ਖਿੱਚ ਲਵੋ ਤੇ ਡਰੀ ਹੋਈ ਧਿਰ ਪੂਰੀ ਆਪਣੇ ਨਾਲਭੁਗਤਦੀ ਹੈ ਤਾਂ ਜਿੱਤ ਆਪਣੀ ਪੱਕੀ ਹੈ। ਜਿੱਦਾਂ ਨਵਾਂਪਣ ਨਾਂ ਆਵੇ ਤਾਂ ਪਰਖੀ ਹੋਈ ਦਵਾਈ ਬਿਮਾਰੀ ਵਿੱਚ ਅਸਰ ਕਰਨਾ ਛੱਡ ਜਾਂਦੀ ਹੈ, ਓਸੇ ਤਰ੍ਹਾਂ ਕਾਂਗਰਸ ਦਾ ਉਹ ਫਾਰਮੂਲਾ ਅਸਰ ਕਰਨੋਂ ਹਟ ਗਿਆ ਤੇ ਉਹ ਇਸ ਦੇ ਲਾਭ ਤੋਂ ਵਾਂਝੀ ਹੋ ਗਈ। ਮੁਕਾਬਲੇ ਦੀਆਂ ਕਈ ਧਿਰਾਂ ਵਿੱਚੋਂ ਜਿਹੜੀ ਕਾਗਰਸ ਤੋਂ ਐਨ ਉਲਟ ਪੈਂਤੜੇ, ਦੇਸ਼ ਦੀ ਬਹੁ-ਗਿਣਤੀ ਭਾਈਚਾਰੇ ਦੀ ਚੜ੍ਹਤ ਦੀ ਵਿਚਾਰਧਾਰਾ ਵਾਸਤੇ ਸਾਲਾਂ-ਬੱਧੀ ਸਰਗਰਮੀ ਕਰਦੀ ਰਹੀ ਸੀ, ਉਸ ਨੇ ਪਹਿਲਾਂ ਕੁਝ ਵਿੱਚ-ਵਿਚਾਲੇ ਦੀਆਂ ਧਿਰਾਂ ਨੂੰ ਕਾਂਗਰਸ ਦੇ ਏਕ-ਅਧਿਕਾਰਵਾਦ ਵਿਰੁੱਧ ਲਾਮਬੰਦ ਕਰ ਕੇ ਵਰਤਿਆ ਤੇ ਅੱਜ ਆਪਣੇ ਆਪ ਵਿੱਚ ਏਡੀ ਧਿਰ ਬਣ ਗਈ ਹੈ ਕਿ ਕਿਸੇ ਦੀ ਲੋੜ ਨਹੀਂ। ਕਾਂਗਰਸ ਵਿਰੋਧ ਦੇ ਬਹਾਨੇ ਜਿਹੜੀਆਂ ਧਿਰਾਂ ਕਦੀ ਉਸ ਨਾਲ ਤੁਰੀਆਂ ਸਨ ਤਾਂ ਇੱਕ-ਇੱਕ ਸੀਟ ਲਈ ਸੌਦੇਬਾਜ਼ੀ ਵਿੱਚ ਉਸ ਨੂੰ ਪਸੀਨੇ ਲਿਆ ਦੇਂਦੀਆਂ ਸਨ, ਅੱਜ ਬਦਲੇ ਹੋਏ ਹਾਲਾਤ ਵਿੱਚ ਓਸੇ ਪਾਰਟੀ ਅੱਗੇ ਇੱਕ-ਇੱਕ ਸੀਟ ਲਈ ਲਿਲਕੜੀਆਂ ਕੱਢਦੀਆਂ ਫਿਰਦੀਆਂ ਹਨ। ਉਸ ਦੀ ਮਰਜ਼ੀ ਹੈ ਕਿ ਕਿਸ ਪਾਰਟੀ ਨੂੰ ਆਪਣੇ ਨਾਲ ਰੱਖਣਾ ਹੈ, ਕਿਉਂਕਿ ਉਸ ਨੇ ਦੇਸ਼ ਦੀ ਬਹੁ-ਗਿਣਤੀ ਵਾਲੇ ਵਰਗ ਦੇ ਲੋਕਾਂ ਨੂੰ ਉਨ੍ਹਾਂ ਦੀ ਬਹੁ-ਗਿਣਤੀ ਦੀ ਤਾਕਤ ਦਾ ਅਹਿਸਾਸ ਅਤੇ ਜਿੱਤਣ ਦੀ ਝਾਕ ਲਾ ਕੇ ਪੱਕੀ ਤਰ੍ਹਾਂ ਨਾਲ ਤੋਰ ਲਿਆ ਹੈ।

ਕਾਂਗਰਸ ਪਾਰਟੀ ਲੰਮਾ ਸਮਾਂ ਧਰਮ-ਨਿਰਪੱਖ ਧਿਰਾਂ ਵਿੱਚੋਂ ਸਾਰੀਆਂ ਤੋਂ ਵੱਡੀ ਗਿਣੀ ਜਾਂਦੀ ਰਹੀ ਸੀ, ਪਰ ਇਸ ਪਹੁੰਚ ਨਾਲ ਉਸ ਦੇ ਆਗੂ ਦਿਲ ਤੋਂ ਕਦੀ ਪੱਕੇ ਨਹੀਂ ਸਨ ਖੜੋਂਦੇ। ਵਿਰੋਧ ਦੀਆਂ ਧਿਰਾਂ ਵਿਚਲੇ ਜਿਹੜੇ ਆਗੂ ਪਹਿਲਾਂ ਫਿਰਕੂ ਤਕਰੀਰਾਂ ਕਰਦੇ ਤੇ ਲੋਕਾਂ ਨੂੰ ਉਕਸਾਉਂਦੇ ਆਏ ਸਨ, ਉਹ ਇਸ ਪਾਰਟੀ ਵਿੱਚ ਆਉਣ ਤੇ ਭਾਰੂ ਹੋਣ ਲੱਗ ਪਏ ਤਾਂ ਉਨ੍ਹਾਂ ਵੱਲ ਵੇਖ ਕੇ ਇਸ ਪਾਰਟੀ ਦੇ ਪੁਰਾਣੇ ਆਗੂ ਵੀ ਆਪਣੇ ਅੰਦਰ ਲੁਕੀ ਆਪਣੇ ਫਿਰਕੇ ਦੇ ਹੇਜ ਦੀ ਭਾਵਨਾ ਰੋਕ ਕੇ ਰੱਖਣ ਦੀ ਥਾਂ ਖੁੱਲ੍ਹ ਕੇ ਬੋਲਣ ਲੱਗ ਪਏ ਕਿ ਉਹ ਆਪਣੇ ਧਰਮ ਦੇ ਲੋਕਾਂ ਨਾਲੋਂ ਵੱਖ ਨਹੀਂ ਹੋ ਸਕਦੇ। ਜਲੰਧਰ ਵਿੱਚ ਇੱਕ ਵਾਰੀ ਇੱਕ ਸਾਧਵੀ ਆਈ ਤਾਂ ਸਮਾਗਮ ਦੌਰਾਨ ਜਦੋਂ ਉਸ ਨੇ 'ਬੱਚਾ-ਬੱਚਾ ਰਾਮ ਕਾ, ਜਨਮ-ਭੂਮੀ ਕੇ ਕਾਮ ਕਾ' ਦਾ ਨਾਅਰਾ ਲਵਾਇਆ ਤਾਂ ਮੇਰੇ ਕੋਲ ਪਹੁੰਚੀ ਫੋਟੋ ਵਿੱਚ ਕਾਂਗਰਸ ਦਾ ਇੱਕ ਮੰਤਰੀ ਅਤੇ ਦੋ ਜ਼ਿਲਾ ਪ੍ਰਧਾਨ ਵੀ ਉਸ ਦੇ ਪਿੱਛੇ ਬਾਕੀ ਭੀੜ ਵਾਂਗ ਦੋਵੇਂ ਬਾਂਹਾਂ ਉਠਾ ਕੇ ਹੁੰਗਾਰਾ ਦੇਂਦੇ ਨਜ਼ਰ ਆਉਂਦੇ ਸਨ। ਮੈਂ ਉਨ੍ਹਾਂ ਵਿੱਚੋਂ ਇੱਕ ਜਣੇ ਨੂੰ ਅਗਲੇ ਦਿਨੀਂ ਇੱਕ ਥਾਂ ਮਿਲਦੇ ਸਾਰ ਛੇੜਿਆ ਕਿ ਚਲੋ ਕੋਈ ਗੱਲ ਨਹੀਂ, ਭੀੜ ਵਿੱਚ ਭੀੜ ਬਣੇ ਰਹਿਣ ਦਾ ਵੱਲ ਤੁਸੀਂ ਵੀ ਸਿੱਖ ਲਿਆ ਜਾਪਦਾ ਹੈ। ਉਸ ਨੇ ਕਿਹਾ: ਭੀੜ ਵਿੱਚ ਭੀੜ ਨਹੀਂ ਜੀ, ਰਾਜਨੀਤੀ ਵਿੱਚ ਕਾਂਗਰਸ ਦੇ ਨਾਲ ਹਾਂ, ਧਰਮ ਦੇ ਸਵਾਲ ਉੱਤੇ ਅਸੀਂ ਵੀ ਉਨ੍ਹਾਂ ਨਾਲ ਹਾਂ, ਚੋਣਾਂ ਬੇਸ਼ੱਕ ਉਨ੍ਹਾਂ ਦੇ ਖਿਲਾਫ ਲੜਨੀਆਂ ਪੈਂਦੀਆਂ ਹਨ। ਲੁਧਿਆਣੇ ਵਿੱਚ ਇੱਕ ਵਾਰੀ ਇੱਕ ਸਮਾਗਮ ਵਿੱਚ ਧਰਮ-ਨਿਰਪੱਖ ਧਿਰਾਂ ਦੇ ਇਕੱਠੇ ਹੋਣ ਅਤੇ ਕਾਂਗਰਸ ਦੇ ਪਿੱਛੇ ਲਾਮਬੰਦ ਹੋਣ ਦੀ ਗੱਲ ਚੱਲੀ ਤਾਂ ਕਾਂਗਰਸ ਦੇ ਇੱਕ ਆਗੂ ਨੇ ਆਪਣੇ ਭਾਸ਼ਣ ਵਿੱਚ ਕਮਿਊਨਿਸਟਾਂ ਖਿਲਾਫ ਸਾਰਾ ਤੋੜਾ ਝਾੜ ਦਿੱਤਾ ਕਿ ਇਹ ਅਕਾਲੀਆਂਨਾਲ ਮਿਲਣ ਨੂੰ ਤਿਆਰ ਰਹਿੰਦੇ ਹਨ। ਮੇਰੇ ਨਾਲ ਬੈਠੇ ਇੱਕ ਕਾਂਗਰਸੀ ਆਗੂ ਨੇ ਮੇਰੇ ਕੰਨ ਵਿੱਚ ਕਿਹਾ ਕਿ ਇਹ ਖੁਦ ਪਰਸੋਂ ਜਾ ਕੇ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲ ਆਇਆ ਹੈ। ਅਗਲੇ ਹਫਤੇ ਉਹ ਕਾਂਗਰਸੀ ਆਗੂ ਅਕਾਲੀ ਦਲ ਨਾਲ ਜਾ ਰਲਿਆ ਅਤੇ ਫਿਰ ਉਨ੍ਹਾਂ ਵੱਲੋਂ ਪਾਰਲੀਮੈਂਟ ਦੀ ਚੋਣ ਵਿੱਚ ਉਮੀਦਵਾਰ ਬਣ ਗਿਆ ਸੀ। ਸਾਰੇ ਭਾਰਤ ਨੂੰ ਵੇਖਿਆ ਜਾਵੇ ਤਾਂ ਏਦਾਂ ਦੇ ਬਹੁਤ ਸਾਰੇ ਕਾਂਗਰਸੀ ਆਗੂ ਪਛਾਣੇ ਜਾ ਸਕਦੇ ਹਨ, ਜਿਹੜੇ ਸਮਾਂ ਪਾ ਕੇ ਆਪਣੇ ਅੰਦਰਲੀ ਭਾਵਨਾ ਕਾਰਨ ਪਾਸਾ ਬਦਲ ਗਏ ਅਤੇ ਉਨ੍ਹਾਂ ਵਿੱਚੋਂ ਦੋ-ਤਿੰਨ ਤਾਂ ਅੱਜਕੱਲ੍ਹ ਮੁੱਖ ਮੰਤਰੀ ਬਣੇ ਹੋਏ ਦਿਖਾਈ ਦੇਂਦੇ ਹਨ।

ਇਸ ਸਾਰੇ ਪਿਛੋਕੜ ਨੂੰ ਫੋਲਣ ਤੋਂ ਬਾਅਦ ਭਾਰਤ ਦੇ ਅਜੋਕੇ ਹਾਲਾਤ ਅਤੇ ਮਨੀਪੁਰ ਜਾਂ ਹਰਿਆਣੇ ਦੇ ਨੂਹ ਅਤੇ ਹੋਰ ਥਾਂਵਾਂ ਤੋਂ ਉੱਠੀ ਫਿਰਕੂ ਲਹਿਰ ਨੂੰ ਪਛਾਨਣ ਦੀ ਲੋੜ ਹੈ। ਇਹ ਸਭ ਕੁਝ ਜਿੱਦਾਂ ਵਾਪਰ ਗਿਆ ਹੈ, ਸਪੱਸ਼ਟ ਹੈ ਕਿ ਇਸ ਦਾ ਅਸਰ ਅਗਲੇ ਸਾਲ ਦੀਆਂ ਪਾਰਲੀਮੈਂਟ ਚੋਣਾਂ ਉੱਤੇ ਪਵੇਗਾ ਜਾਂ ਠੀਕ ਸ਼ਬਦਾਂ ਵਿੱਚ ਕਹੀਏ ਤਾਂ ਅਗਲੇ ਸਾਲ ਦੀਆਂ ਲੋਕ ਸਭਾ ਚੋਣਾਂ ਦਾ ਧਿਆਨ ਰੱਖ ਕੇ ਕੋਈ ਇਹ ਸਭ ਕੁਝ ਗਿਣ-ਮਿਥ ਕੇ ਕਰਵਾ ਰਿਹਾ ਹੈ। ਇਸ ਦੇ ਲਈ ਦੇਸ਼ ਦੇ ਪ੍ਰਧਾਨ ਮੰਤਰੀ ਜਾਂ ਉਸ ਨਾਲ ਜੁੜੇ ਹੋਏ ਇੱਕ-ਦੋ ਜਣਿਆਂ ਦੀ ਭੂਮਿਕਾ ਦੀ ਚਰਚਾ ਕਰੀ ਜਾਣੀ ਅਸਲ ਹਾਲਾਤ ਬਾਰੇ ਸ਼ਾਇਦ ਪੂਰੀ ਸੱਚਾਈ ਪੇਸ਼ ਨਹੀਂ ਕਰਦੀ। ਏਦਾਂ ਦਾ ਕੰਮ ਕੋਈ ਇੱਕ ਆਗੂ ਜਾਂ ਉਸ ਨਾਲ ਜੁੜੇ ਹੋਏ ਦੋ-ਚਾਰ ਹੋਰ ਬੰਦੇ ਨਹੀਂ ਕਰ ਰਹੇ ਹੁੰਦੇ, ਇਸ ਪਿੱਛੇ ਨੀਂਹ ਬਣ ਕੇ ਖੜੀ ਵਿਚਾਰਧਾਰਾ ਦੇ ਲੋਕ ਕਰਦੇ ਜਾਂ ਕਰਵਾਉਂਦੇ ਅਤੇ ਪੱਕੇ ਜਥੇਬੰਦ ਢੰਗ ਨਾਲ ਇਹ ਸਭ ਕੁਝ ਕਰਵਾਇਆ ਕਰਦੇ ਹਨ।ਇਹ ਗੱਲ ਇਸ ਵੇਲੇ ਕਿਸੇ ਤੋਂ ਵੀ ਗੁੱਝੀ ਨਹੀਂ।

ਸੁਫਨਿਆਂ ਤੇ ਨਾਅਰਿਆਂ ਜਾਂ ਦਿਲਾਸਿਆਂ ਦੀ ਜ਼ਿੰਦਗੀ ਮਾਨਣੀ ਹੋਵੇ ਤਾਂ ਕੋਈ ਕੁਝ ਵੀ ਕਹੀ ਜਾਵੇ, ਹਕੀਕਤਾਂ ਦਾ ਸਾਹਮਣਾ ਕਰਨ ਲਈ ਬਹੁਤ ਸਾਰੇ ਲੋਕਾਂ ਦਾ ਦਿਲ ਨਹੀਂ ਮੰਨਦਾ। ਸਮਾਜ ਵਿਗਿਆਨੀਆਂ ਜਾਂ ਰਾਜਨੀਤੀ ਦੇ ਧਨੰਤਰਾਂ ਨੂੰ ਪੁੱਛ ਲਵੋ ਤਾਂ ਕੋਈ ਵੀ ਬਿਨਾਂ ਝਿਜਕ ਕਹੇਗਾ ਕਿ ਰਾਜਨੀਤੀ ਲਈ ਧਰਮ ਦੀ ਵਰਤੋਂ ਦੇ ਵਿਰੋਧ ਦੀ ਜੇ ਪੱਕੀ ਧਿਰ ਕੋਈ ਸਹੀ ਸ਼ਬਦਾਂ ਵਿੱਚ ਹੁੰਦੀ ਹੈ ਤੇ ਅਡੋਲ ਹੁੰਦੀ ਹੈ ਤਾਂ ਉਹ ਖੱਬੇ ਪੱਖੀ ਹਨ, ਪਰ ਉਹ ਇਹ ਗੱਲ ਕਹਿੰਦੇ ਹਨ ਕਿ ਭਰੋਸੇ ਵਾਲੀ ਇਹ ਧਿਰ ਅੱਜ ਹਾਲਾਤ ਦਾ ਮੁਕਾ-ਬਲਾ ਕਰਨ ਜੋਗੀ ਨਹੀਂ। ਇਸ ਦਾ ਕਾਰਨ ਵੀ ਕਿਸੇ ਤੋਂ ਲੁਕਿਆ ਹੋਇਆ ਨਹੀਂ। ਧਰਮ ਦੇ ਨਾਂਅ ਉੱਤੇ ਜਨਤਕ ਜਨੂੰਨ ਵਰਤ ਕੇ ਰਾਜਨੀਤੀ ਕਰਦੀਆਂ ਧਿਰਾਂ ਪਾਟੀਆਂ ਹੋਈਆਂ ਵੀ ਹੋਣ ਤਾਂ ਹਰ ਧਰਮ ਦੇ ਮਾਮਲੇ ਵਿੱਚ ਕੋਈ ਇੱਕ ਧਿਰ ਉਨ੍ਹਾਂ ਦੀ ਮੁੱਖ ਧਾਰਾ ਗਿਣੀ ਜਾਂਦੀ ਹੈ, ਪਰ ਰਾਜਨੀਤੀ ਲਈ ਧਰਮ ਦੀ ਦੁਰਵਰਤੋਂ ਵਿਰੁੱਧ ਪੱਕੀ ਧਿਰ ਗਿਣੇ ਜਾਂਦੇ ਖੱਬੇ ਪੱਖੀਆਂ ਦੀ ਕੋਈ ਇੱਕ ਮੁੱਖ ਧਾਰਾ ਨਹੀਂ, ਆਪਣੇ ਆਪ ਵਿੱਚ ਸਭਨਾਂ ਧਿਰਾਂ ਨੂੰ ਮੁੱਖ-ਧਾਰਾ ਦੀ ਆਗੂ ਬਣਨ ਦਾ ਵਹਿਮ ਨਹੀਂ ਛੱਡਦਾ। ਜਿਨ੍ਹਾਂ ਨਾਲ ਪਿੰਡ ਵਿੱਚ ਮਸਾਂਚਾਰ ਬੰਦੇ ਹੁੰਦੇ ਹਨ, ਇੱਕ ਪ੍ਰਧਾਨਗੀ ਕਰਦਾ ਹੈ, ਦੂਸਰਾ ਸਥਿਤੀ ਦੀ ਵਿਆਖਿਆ ਤੇ ਤੀਸਰਾ ਉਸ ਵਿਆਖਿਆ ਦੀ ਚਰਚਾ ਦੇ ਬਹਾਨੇ ਵਿਰੋਧ ਲਈ ਬੋਲਦਾ ਹੈ, ਉਹ ਵੀ ਇਹ ਦਾਅਵਾ ਕਰਨੋਂ ਨਹੀਂ ਹਟਦੇ ਕਿ ਜਿੱਦਾਂ ਦਾ ਮਰਜ਼ੀ ਜਨੂੰਨੀ ਮਾਹੌਲ ਬਣਿਆ ਫਿਰੇ, ਉਸ ਦਾ ਮੁਕਾਬਲਾ ਸਿਰਫ ਸਾਡੀ ਸੋਚ ਨਾਲ ਕੀਤਾ ਜਾ ਸਕਦਾ ਹੈ। ਇਨ੍ਹਾਂ ਦੀ ਖਹਿਬਾਜ਼ੀ ਸ਼ੋਕ ਸਮਾਗਮ ਦੇ ਮੌਕੇ ਵੀ ਅੱਗੋਂ-ਪਿੱਛੋਂ ਬੋਲਣ ਦੀ ਜ਼ਿਦ ਤੱਕ ਲੈ ਜਾਂਦੀ ਹੈ, ਕਿਸੇ ਗੱਲ ਵਿੱਚ ਕਦੀ ਇੱਕ-ਦੂਸਰੇ ਨਾਲ ਸੁਰ ਮਿਲਣ ਦੀ ਗੁੰਜਾਇਸ਼ ਨਿਕਲਦੀ ਹੈ ਤਾਂ ਕੱਢਣ ਨੂੰ ਤਿਆਰ ਨਹੀਂ, ਪਰਅਗਲੀ ਚੋਣ ਮੌਕੇ ਭਾਰਤ ਵਿੱਚ ਫਿਰਕੂ ਵਹਿਣਰੋਕ ਲੈਣਦੀਆਂ ਗੱਲਾਂ ਕਰਦੇ ਹਨ। ਲੋਕ ਪੁੱਛਦੇ ਹਨ ਕਿ ਆਪੋ ਵਿੱਚ ਪਾਟੀਆਂ ਧਿਰਾਂ ਦਾ ਕੀ ਮੋਰਚਾ ਬਣੇਗਾ ਤੇ ਜੇ ਬਣ ਵੀ ਜਾਵੇ ਤਾਂ ਕੀ ਸਿਰੇ ਲਾ ਸਕੇਗਾ? ਜਵਾਬ ਕੌਣ ਦੇਵੇਗਾਇਸ ਦਾ! ਕਾਂਗਰਸੀ ਲੀਡਰਾਂ ਬਾਰੇ ਆਮ ਕਿਹਾ ਜਾਂਦਾ ਹੈ ਕਿ ਕੋਈ ਜਣਾ ਪਾਰਟੀ ਛੱਡੇ ਤਾਂ ਉਹ ਰੋਕਦੇ ਨਹੀਂ, ਉਲਟਾ ਕਹਿੰਦੇ ਹਨ ਕਿ ਏਦਾਂ ਦੇ ਲੋਕਾਂ ਦੇ ਜਾਣ ਨਾਲ ਪਾਰਟੀ ਦਾ ਭਲਾ ਹੋਵੇਗਾ, ਪਿੱਛੇ ਰਹਿਣ ਵਾਲੇ ਭਾਵੇਂ ਉਨ੍ਹਾਂ ਨਾਲੋਂ ਵੀ ਮਾੜੇ ਹੋਣ, ਅੱਜਕੱਲ੍ਹ ਇਹੋ ਕੁਝ ਖੱਬੇ ਪੱਖੀ ਧਿਰਾਂ ਵਿੱਚ ਭਾਰੂ ਹੈ। ਪੰਜਾਬੀ ਦਾ ਮੁਹਾਵਰਾ ਹੈ ਕਿ ਹੌਲਾ ਭਾਰ ਤੇ ਸਾਥ ਦੇ ਮੋਹਰੇ। ਇਹ ਨਾਅਰਾ ਲਾ ਕੇ ਮੋਹਰੇ-ਮੋਹਰੇ ਤੇਜ਼ ਚੱਲਣ ਦਾ ਭਰਮ ਪਾਲਿਆ ਜਾ ਸਕਦਾ ਹੈ, ਹਾਸਲ ਕੁਝ ਨਹੀਂ ਹੋਣ ਲੱਗਾ। ਜੇ ਅਗਲੇ ਸਾਲ ਦੀ ਅਤੇ ਉਸ ਤੋਂ ਅਗਲੇ ਸਾਲਾਂ ਦੀ ਭਾਰਤ ਦੀ ਦਸ਼ਾ ਅਤੇ ਦਿਸ਼ਾ ਦੀ ਕੋਈ ਸਚਮੁੱਚ ਚਿੰਤਾ ਹੋਵੇ ਤਾਂ ਜਿਸ ਨੂੰ ਹੋਵੇ, ਜਿੰਨੀ ਵੀ ਚਿੰਤਾ ਹੋਵੇ, ਉਸ ਬਾਰੇ ਵਕਤ ਕੱਢ ਕੇ ਸੋਚਣਾ ਚਾਹੀਦਾ ਹੈ। ਸੁਣਨ ਨੂੰ ਏਦਾਂ ਦੀ ਗੱਲ ਵੀ ਕਈ ਲੋਕਾਂ ਨੂੰ ਚੰਗੀ ਲੱਗੇਗੀ, ਪਰ ਇਸ ਤੋਂ ਅੱਗੇ ਵਧ ਕੇ ਕੋਈ ਕੁਝ ਕਰੇਗਾ, ਇਸ ਦਾ ਯਕੀਨ ਜਦੋਂ ਤੱਕ ਆਮ ਲੋਕਾਂ ਨੂੰ ਨਹੀਂ ਹੁੰਦਾ, ਓਦੋਂ ਤੱਕ ਮਤੇ-ਸੁਤੇ ਪਾਸ ਕਰਦੇ ਰਹਿਣਾ ਕਾਫੀ ਹੈ, ਸਿੱਟਿਆਂ ਦੀ ਆਸ ਨਹੀਂ ਹੋ ਸਕਦੀ।


URGENTLY NEED NEW LISTINGS IN BRAMPTON/CALEDON



visit: www.teamjagaujla.com

ADVERTISEMENT GUARANTEED TILL SOLD

JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com

CALL JAG AUJLA FOR A QUICK & FREE HOME EVALUATION

www.BramptonTopRealtor.com

RECENTLY LISTED/SOLD IN YOUR NEIGHBOURHOOD

**SHELBURNE** (Simon St /Hwy 89)




ਬਿਲਕੁਲ ਸ਼ਾਨਦਾਰ ਤੇ ਸਾਫ ਸੁਧਰਾ ਸੈਮੀ ਡਿਟੈਚ ਬੰਗਲੋ, ਸ਼ਾਤ ਕੰਮੂਨਿਟੀ ਵਿੱਚ, ਬਹੁਤ ਸਾਰੀਆਂ ਅਪਗ੍ਰੇਡਜ਼ ਤੇ 2023 ਵਿੱਚ ਹੋਈ ਰੈਨੋਵਸ਼ਨ। 3+2 ਬੈਡਰੂਮ ਤੇ 3 ਵਾਸ਼ਰੂਮ ਘਰ ਨੂੰ ਫਿਨੀਸ਼ਡ ਬੈਸਮੈਂਟ, ਪੋਟ ਲਾਇਟਸ ਆਦਿ।

**CAMBRIDGE** (Speedsville/Equestrian Way)



ਐਂਡ ਯੂਨਿਟ ਕਾਨ੍ਹਰ ਲਾਟ ਨੂੰ ਖੁਲ੍ਹਾ ਡੁਲ੍ਹਾ ਕਰਬ ਤੇ ਖੂਬਸੂਰਤ ਵਿਊ। 2020 ਵਿੱਚ ਬਣਿਆ, 1896 ਸਕੇਅਰ ਫੁਟ ਦਾ ਫ੍ਰੀ ਹੋਲਡ ਟਾਊਨਹੋਮ ਜਿਸ ਨੂੰ 4 ਬੈਡਰੂਮ ਤੇ 3 ਵਾਸ਼ਰੂਮ। ਲੈਮੀ-ਨੇਟਡ ਫਲੋਰ। ਹਾਈਵੇ 401, ਪਾਰਕ ਤੇ ਸਕੂਲ ਦੇ ਨੇੜੇ।

**BRAMPTON** (Mclaughlin / Steeles / Mavis)



ਸੋਹਣੇ ਤੇ ਸ਼ਾਨਦਾਰ ਡਿਟੈਚ ਘਰ ਨੂੰ ਬਹੁਤ ਸਾਰੀਆਂ ਅਪਗ੍ਰੇਡਜ਼। 2200 ਸਕੇਅਰ ਫੁਟ ਵਿੱਚ 4+1 ਬੈਡਰੂਮ ਤੇ 4 ਵਾਸ਼ਰੂਮ ਨੂੰ ਫਿਨੀਸ਼ਡ ਬੈਸਮੈਂਟ। ਸ਼ੈਰੀਡਨ ਕਾਲਜ ਦੇ ਨੇੜੇ ਤੇ ਹੋਰ ਵੀ ਬਹੁਤ ਕੁਝ। ਸੰਪਰਕ ਕਰੋ।

**BRAMPTON** (Wanless/Mclaughlin)



ਸ਼ਾਨਦਾਰ ਤੇ ਸਾਫ ਸੁਧਰਾ, 2016 ਵਿੱਚ ਬਣਿਆ 4364 ਸਕੇਅਰ ਫੁਟ ਦਾ ਡਿਟੈਚ ਘਰ 4 ਬੈਡਰੂਮ ਤੇ 5 ਵਾਸ਼ਰੂਮ ਤੇ ਨਾਲ ਹੀ ਫਿਨੀਸ਼ਡ ਬੈਸਮੈਂਟ ਜਿਸ ਨੂੰ ਸੇਪਰੈਟ ਏਂਨਟਰੈਂਸ। ਬਹੁਤ ਸਾਰੀਆਂ ਅਪਗ੍ਰੇਡਜ਼ ਤੇ ਹੋਰ ਵੀ ਬਹੁਤ ਕੁਝ।

FREE
- Full MLS services
- Consistent marketing until your property is sold
- Competitive rates, exceptional service & award winning results
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold

RE/MAX REALTY SPECIALISTS INC.
Ph:905-456-3232 **Based on units sold & commissions **Some conditions apply
*Seller & Jag Aujla Broker of RE/MAX Realty Specialist Inc. must agree on the terms & conditions, closing date and listing price at the time of listing. Guaranteed program only for peel region homes under $1 million price.

Call: JAG AUJLA Dir: 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT



Dr. Randhawa Dentistry

*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ


Dr. Samreet Kaur Randhawa
General Family Dentist

New Patients welcome
Deal Directly with all Insurance Companies

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111






Grand Upholstery Ltd
Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com



REXDALE BODY SHOP
USED CAR SALE



CHEEMA
LOWEST PRICE IN TOWN

Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779

RENTAL CAR PROVIDED



ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ


25 years of Canadian Experience
OPEN MON - SAT 9AM TO 7PM

Call Rick or Manminder Cheema: 416.749.9596 /416.951.6431

Towing Service Car Paint Starts $799*upto 100% Deductible Paid*

30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com


ROYAL CANADIAN
International
CIRCUS
UNDER THE BIG TOP
BRAMPTON & MISSISSAUGA
July 6–August 20
2 for 1
GENERAL ADMISSION
TICKETS
at royalcanadiancircus.ca with Promo Code Punjabi


afc
ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
BREAD, DAIRY & EGGS
BRANDED FOODS
FRUITS & VEGETABLES
BEVERAGES &
CONFECTIONERY
GROCERY & STAPLES
SWEET & SAMOSAS
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017